ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 40 Friday, February 26, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਐਡਮਿਰਲ ਮੈਕਡੌਨਲਡ ਨੇ ਛੱਡਿਆ ਚੀਫ ਆਫ ਦ ਡਿਫੈਂਸ ਸਟਾਫ ਦਾ ਅਹੁਦਾ



ਓਟਵਾ, 25 ਫਰਵਰੀ (ਪੋਸਟ ਬਿਊਰੋ) : ਰੱਖਿਆ ਮੰਤਰੀ ਹਰਜੀਤ ਸੱਜਣ ਦਾ ਕਹਿਣਾ ਹੈ ਕਿ ਐਡਮਿਰਲ ਆਰਟ ਮੈਕਡੌਨਲਡ ਆਪਣੀ ਮਰਜ਼ੀ ਨਾਲ ਚੀਫ ਆਫ ਦ ਡਿਫੈਂਸ ਸਟਾਫ ਦੇ ਅਹੁਦੇ ਤੋਂ ਪਾਸੇ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਐਡਮਿਰਲ ਖਿਲਾਫ ਕੁੱਝ ਅਸਪਸ਼ਟ ਦੋਸ਼ਾਂ ਦੀ ਜਾਂਚ ਚੱਲਣ ਕਾਰਨ ਉਨ੍ਹਾਂ ਵੱਲੋਂ ਇਹ ਫੈਸਲਾ ਲਿਆ ਗਿਆ ਹੈ।

ਇੱਕ ਰਲੀਜ਼ ਵਿੱਚ ਸੱਜਣ ਨੇ ਆਖਿਆ ਕਿ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਕਿਸੇ ਵੀ ਤਰ੍ਹਾਂ ਦੇ ਦੁਰਾਚਾਰ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਤੇ ਜੇ ਉਨ੍ਹਾਂ ਦੇ ਧਿਆਨ ਵਿੱਚ ਕਿਸੇ ਵੀ ਤਰ੍ਹਾਂ ਦੇ ਦੁਰਾਚਾਰ ਨੂੰ ਲਿਆਂਦਾ ਜਾਵੇ, ਫਿਰ ਭਾਵੇਂ ਉਹ ਕਿਸੇ ਵੀ ਰੈਂਕ ਦੇ ਅਧਿਕਾਰੀ ਨੇ ਕੀਤਾ ਹੋਵੇ, ਜਾਂ ਕਿੰਨੇ ਵੱਡੇ ਅਹੁਦੇ ਨਾਲ ਹੀ ਕਿਉਂ ਨਾ ਸਬੰਧਤ ਹੋਵੇ, ਤਾਂ ਉਹ ਉਸ ਦਾ ਗੰਭੀਰ ਨੋਟਿਸ ਲੈਂਦੇ ਹਨ।

ਬੁੱਧਵਾਰ ਨੂੰ ਸੱਜਣ ਨੇ ਆਖਿਆ ਕਿ ਉਨ੍ਹਾਂ ਵੱਲੋਂ ਲੈਫਟੀਨੈਂਟ ਜਨਰਲ ਵੇਅਨ ਆਇਰ ਨੂੰ ਡਿਫੈਂਸ ਸਟਾਫ ਦਾ ਕਾਰਜਕਾਰੀ ਚੀਫ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜਾਂਚ ਚੱਲਦੀ ਹੋਣ ਕਾਰਨ ਉਹ ਇਸ ਮਾਮਲੇ ਦੇ ਸਬੰਧ ਵਿੱਚ ਹੋਰ ਕੋਈ ਟਿੱਪਣੀ ਨਹੀਂ ਕਰਨੀ ਚਾਹੁੰਦੇ।

## ਅੰਦਰ ਪੜ੍ਹੋ

ਟਰੂਡੋ ਤੇ ਬਾਇਡਨ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਗਟਾਇਆ ਤਹੱਈਆ



ਪੰਨਾ 03

ਭਾਰਤ ਸਰਕਾਰ ਵੱਲੋਂ ਸੋਸ਼ਲ ਮੀਡੀਆ, ਨਿਊਜ਼ ਵੈੱਬਸਾਈਟਾਂ ਤੇ ਓ ਟੀ ਟੀ ਖਿਲਾਫ ਸਖਤੀ ਸ਼ੁਰੂ



ਪੰਨਾ 05

## ਟੋਰਾਂਟੋ ਦੇ ਅੱਠ ਸਕੂਲਾਂ ਵਿੱਚ ਮਿਲੇ ਕੋਵਿਡ-19 ਦੇ ਨਵੇਂ ਵੇਰੀਐਂਟ



ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਟੋਰਾਂਟੋ ਦੇ ਅਜਿਹੇ ਅੱਠ ਸਕੂਲ ਹਨ ਜਿੱਥੇ ਕੋਵਿਡ-19 ਦੇ ਵੇਰੀਐਂਟ ਆਫ ਕਨਸਰਨ (ਵੀਓਸੀ) ਨਾਲ ਘੱਟੋ ਘੱਟ ਇੱਕ ਵਿਅਕਤੀ ਜ਼ਰੂਰ ਪਾਜ਼ੀਟਿਵ ਪਾਇਆ ਗਿਆ ਹੈ। ਜਿਹੜੇ ਸਕੂਲ ਪ੍ਰਭਾਵਿਤ ਹੋਏ ਹਨ ਉਨ੍ਹਾਂ ਦੇ ਨਾਂ ਹੇਠ ਦਿੱਤੇ ਜਾ ਰਹੇ ਹਨ :

- ਬੈਵਰਲੀ ਸਕੂਲ
- ਡੈਨਫੋਰਥ ਕਾਲਜੀਏਟ ਐਂਡ ਟੈਕਨੀਕਲ ਇੰਸਟੀਚਿਊਟ
- ਦਾਂਤੇ ਅਲੀਗੇਰੀ ਅਕੈਡਮੀ
- ਗਲਫਸਟਰੀਮ ਪਬਲਿਕ ਸਕੂਲ
- ਹੈਲਨ ਕੈਥੋਲਿਕ ਸਕੂਲ
- ਆਰ ਲੇਡੀ ਆਫ ਲੌਰਡਜ਼ ਕੈਥੋਲਿਕ ਸਕੂਲ
- ਦ ਟੋਰਾਂਟੋ ਚੀਡਰ
- ਯੇਸਿਵਾ ਯੇਸੋਦੇਇ ਹਾਤੋਰਾਹ

ਟੀਪੀਐਚ ਨੇ ਦੱਸਿਆ ਕਿ ਸਾਰੇ ਪਾਜ਼ੀਟਿਵ ਪਾਏ ਗਏ ਵਿਅਕਤੀਆਂ ਨੂੰ ਘਰ ਭੇਜ ਦਿੱਤਾ ਗਿਆ ਤੇ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਵੀ ਟੈਸਟ ਕਰਵਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਟੀਪੀਐਚ ਦਾ ਕਹਿਣਾ ਹੈ ਕਿ ਸਕੂਲਾਂ ਨੂੰ ਸੇਫ ਰੱਖਣ ਤੇ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਉੱਥੇ ਇੱਕ ਖਾਸ ਪ੍ਰੋਟੋਕਾਲ ਦੀ ਪਾਲਣਾ ਕੀਤੀ ਜਾਂਦੀ ਹੈ। ਪ੍ਰੋਟੋਕਾਲਜ਼ ਤਹਿਤ ਕੋਵਿਡ-19 ਟੈਸਟਿੰਗ, ਰੋਜ਼ਾਨਾ ਸਕਰੀਨਿੰਗ, ਫਿਜ਼ੀਕਲ ਡਿਸਟੈਂਸਿੰਗ, ਮਾਸਕਸ ਤੇ ਟਾਰਗੈੱਟ ਤੈਅ ਕਰਕੇ ਟੈਸਟਿੰਗ ਕਰਵਾਈ ਜਾਣਾ ਸ਼ਾਮਲ ਹੈ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਵੇਰੀਐਂਟਸ ਵਧੇਰੇ ਇਨਫੈਕਸ਼ੀਅਸ ਹਨ ਤੇ ਇਹ ਤੇਜ਼ੀ ਨਾਲ ਫੈਲਦੇ ਹਨ। ਬੁੱਧਵਾਰ ਨੂੰ ਟੋਰਾਂਟੋ ਦੀ ਉੱਘੀ ਡਾਕਟਰ ਐਲੀਨ ਡੀ ਵਿੱਲਾ ਤੇ ਟੀਪੀਐਚ ਨੇ ਸਿਟੀ ਵਿੱਚ 710 ਮਾਮਲੇ ਰਿਪੋਰਟ ਕੀਤੇ ਤੇ ਹੁਣ ਇਨ੍ਹਾਂ ਦੀ ਵੀਓਸੀ ਲਈ ਸਕਰੀਨਿੰਗ ਕੀਤੀ ਜਾ ਰਹੀ ਹੈ।

## ਜਾਪਾਨ ਨਾਲ ਦੋਸਤਾਨਾਂ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਟਾਈਗਰਜੀਤ ਸਿੰਘ ਫਾਊਂਡੇਸ਼ਨ ਸਨਮਾਨਿਤ



ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਆਨਲਾਈਨ ਸਮਾਰੋਹ ਵਿੱਚ ਟੋਰਾਂਟੋ ਵਿੱਚ ਕਾਊਂਸਲ ਜਨਰਲ ਆਫ ਜਾਪਾਨ ਸਾਸਾਯਾਮਾ ਤਾਕੂਯਾ ਨੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਨੂੰ ਸ਼ਲਾਘਾ ਪੱਤਰ ਦੇ ਕੇ ਸਨਮਾਨਿਤ ਕੀਤਾ। ਇਹ ਸ਼ਲਾਘਾਪੱਤਰ ਜਾਪਾਨ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਫਾਊਂਡੇਸ਼ਨ ਵੱਲੋਂ ਨਿਭਾਈ ਭੂਮਿਕਾ ਲਈ ਦਿੱਤਾ ਗਿਆ। ਜ਼ਿਕਰਯੋਗ ਹੈ ਕਿ 11 ਮਾਰਚ, 2011 ਵਿੱਚ ਗ੍ਰੇਟ ਈਸਟ ਜਾਪਾਨ ਵਿੱਚ ਆਏ ਜ਼ਬਰਦਸਤ ਭੂਚਾਲ ਦੌਰਾਨ ਵੀ ਫਾਊਂਡੇਸ਼ਨ ਵੱਲੋਂ ਅਹਿਮ ਯੋਗਦਾਨ ਪਾਇਆ ਗਿਆ ਸੀ।

ਟਾਈਗਰਜੀਤ ਸਿੰਘ ਫਾਊਂਡੇਸ਼ਨ ਕੈਨੇਡਾ ਸਥਿਤ ਚੈਰਿਟੀ ਹੈ ਜਿਸ ਦਾ ਸਥਾਪਨਾ 2010 ਵਿੱਚ ਟਾਈਗਰਜੀਤ ਸਿੰਘ ਤੇ ਉਨ੍ਹਾਂ ਦੇ ਲੜਕੇ ਟਾਈਗਰ ਅਲੀ ਸਿੰਘ ਵੱਲੋਂ ਕੀਤੀ ਗਈ ਸੀ। ਫਾਊਂਡੇਸ਼ਨ ਦਾ ਮਕਸਦ ਮੈਂਟਲ ਹੈਲਥ, ਪਰਿਵਾਰ ਭਲਾਈ, ਸਾਖਰਤਾ, ਸਕਾਲਰਸ਼ਿੱਪਜ਼, ਬ੍ਰੇਕਫਾਸਟ ਪ੍ਰੋਗਰਾਮ ਤੇ ਵਿਲੱਖਣ ਕਲਾਸਰੂਮਜ਼ ਲਈ ਮਦਦ ਕਰਨਾ ਹੈ। ਇਸ ਤਰ੍ਹਾਂ ਦੀਆਂ ਕਈ ਗਤੀਵਿਧੀਆਂ ਨੂੰ ਕੈਨੇਡਾ ਵਿੱਚ ਮਾਨਤਾ ਦਿੱਤੀ ਗਈ ਹੈ।

2011 ਵਿੱਚ ਗ੍ਰੇਟ ਈਸਟ ਜਾਪਾਨ ਵਿੱਚ ਆਏ ਭੂਚਾਲ ਤੋਂ ਬਾਅਦ ਫਾਊਂਡੇਸ਼ਨ ਵੱਲੋਂ ਪ੍ਰਭਾਵਿਤ ਹੋਏ ਬੱਚਿਆਂ ਲਈ 20,000 ਡਾਲਰ ਇੱਕਠਾ ਕੀਤਾ ਗਿਆ ਸੀ ਤੇ ਇਸ ਲਈ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਨਾਲ ਰਲ ਕੇ ਫਾਊਂਡੇਸ਼ਨ ਨੇ ਕਾਫੀ ਕੰਮ ਕੀਤਾ ਸੀ। 1973 ਤੋਂ ਜਾਪਾਨ ਵਿੱਚ ਟਾਈਗਰਜੀਤ ਸਿੰਘ ਨੂੰ ਖੂਬ ਮੰਨਿਆ ਜਾਂਦਾ ਹੈ। ਉਸ ਸਮੇਂ ਉਹ ਜਾਪਾਨ ਗਏ ਹੀ ਸਨ ਤੇ ਉਨ੍ਹਾਂ ਕਾਫੀ ਮਸ਼ਹੂਰੀ ਵੀ ਖੱਟ ਲਈ ਸੀ। ਜਾਪਾਨ ਵਿੱਚ ਪ੍ਰੋਫੈਸ਼ਨਲ ਰੈਸਲਿੰਗ ਨੂੰ ਸਫਲ ਬਣਾਉਣ ਲਈ ਉਨ੍ਹਾਂ ਕਾਫੀ ਕੰਮ ਕੀਤਾ।

## ਬੈਸਟ ਬਾਇ ਨੇ ਕੀਤੀ 5000 ਮੁਲਾਜ਼ਮਾਂ ਦੀ ਛਾਂਗੀ




ਨਿਊ ਯੌਰਕ, 25 ਫਰਵਰੀ (ਪੋਸਟ ਬਿਊਰੋ) : ਬੈਸਟ ਬਾਇ ਨੇ ਵੀਰਵਾਰ ਨੂੰ ਦੱਸਿਆ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਉਨ੍ਹਾਂ 5000 ਫੁੱਲ ਟਾਈਮ ਮੁਲਾਜ਼ਮਾਂ ਦੀ ਛਾਂਗੀ ਕਰ ਦਿੱਤੀ। ਹਾਲਾਂਕਿ ਮਹਾਂਮਾਰੀ ਦੌਰਾਨ ਲਾਕਡਾਊਨ ਕਾਰਨ ਘਰਾਂ ਵਿੱਚ ਫਸੇ ਲੋਕਾਂ ਵੱਲੋਂ ਲੈਪਟੌਪ, ਟੀਵੀ ਤੇ ਹੋਰ ਗੈਜੇਟਸ ਖਰੀਦਣ ਕਾਰਨ ਕੰਪਨੀ ਦੀ ਸੇਲ ਵਿੱਚ ਕਾਫੀ ਵਾਧਾ ਹੋਇਆ ਹੈ।

ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਮੁਲਾਜ਼ਮਾਂ ਦੀ ਛਾਂਗੀ ਇਸ ਲਈ ਕੀਤੀ ਗਈ ਕਿਉਂਕਿ ਲੋਕ ਸਟੋਰਜ਼ ਉੱਤੇ ਆ ਕੇ ਸ਼ਾਪਿੰਗ ਕਰਨ ਦੀ ਥਾਂ ਚੀਜ਼ਾਂ ਆਨਲਾਈਨ ਹੀ ਖਰੀਦ ਰਹੇ ਹਨ। ਬੈਸਟ ਬਾਇ ਨੇ ਆਖਿਆ ਕਿ ਉਹ 5000 ਫੁੱਲ ਟਾਈਮ ਇੰਪਲੌਈਜ਼ ਦੀ ਥਾਂ 2,000 ਪਾਰਟ ਟਾਈਮ ਵਰਕਰਜ਼ ਰੱਖਣਗੇ। ਪਿਛਲੇ ਸਾਲ ਬੈਸਟ ਬਾਇ ਦੀ ਵਰਕਫੋਰਸ ਉਸ ਸਮੇਂ ਘੱਟ ਗਈ ਜਦੋਂ ਮਹਾਂਮਾਰੀ ਕਾਰਨ ਕੰਪਨੀ ਨੂੰ ਆਪਣੇ ਸਟੋਰ ਬੰਦ ਕਰਨੇ ਪਏ। ਇਸ ਸਮੇਂ ਕੰਪਨੀ ਕੋਲ 100,000 ਤੋਂ ਵੱਧ ਵਰਕਰਜ਼ ਹਨ, ਇਸ ਵਿੱਚ 21,000 ਦੀ ਕਟੌਤੀ ਹੋਈ। ਕੰਪਨੀ ਆਨਲਾਈਨ ਆਰਡਰਜ਼ ਵਧਣ ਕਾਰਨ ਵਰਕਰਜ਼ ਨੂੰ ਮੁੜ ਟਰੇਨਿੰਗ ਵੀ ਦੇ ਰਹੀ ਹੈ। ਸਟੋਰਜ਼ ਦੀ ਬਹੁਤੀ ਥਾਂ ਨੂੰ ਆਰਡਰਜ਼ ਤਿਆਰ ਕਰਕੇ ਉਨ੍ਹਾਂ ਨੂੰ ਸ਼ਿੱਪ ਕਰਨ ਲਈ ਵਰਤਿਆ ਜਾਂਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਵਰਕਰਜ਼ ਦੇ ਇੱਕ ਗਰੁੱਪ ਵੱਲੋਂ ਆਨਲਾਈਨ ਪਟੀਸ਼ਨ ਪਾ ਕੇ ਅਜਿਹੀਆਂ ਕਟੌਤੀਆਂ ਕਾਰਨ ਉਨ੍ਹਾਂ ਨੂੰ ਹੋਏ ਆਰਥਿਕ ਨੁਕਸਾਨ ਦੀ ਭਰਪਾਈ ਕਰਨ ਦੀ ਅਪੀਲ ਵੀ ਕੀਤੀ ਗਈ ਹੈ।

# ਪਰਮਾਨੈਂਟ ਰੈਜ਼ੀਡੈਂਸੀ ਲਈ ਆਈਆਂ ਅਰਜ਼ੀਆਂ ਮਹਾਂਮਾਰੀ ਕਾਰਨ ਅਧਵਾਟੇ ਅਟਕੀਆਂ




ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰ ਕੈਨੇਡਾ ਵਿੱਚ ਜ਼ਿੰਦਗੀ ਦੇ ਹਰ ਪੱਖ ਉੱਤੇ ਅਸਰ ਪਿਆ ਹੈ। ਇਸ ਵਿੱਚ ਉਨ੍ਹਾਂ ਲੋਕਾਂ ਦੀਆਂ ਜ਼ਿੰਦਗੀਆਂ ਵੀ ਪ੍ਰਭਾਵਿਤ ਹ'ਈਆਂ ਹਨ ਜਿਹੜੇ ਕੈਨਡਾ ਆ ਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਚਾਹੁੰਦੇ ਹਨ।

ਫੈਡਰਲ ਸਰਕਾਰ ਵੱਲੋਂ ਅਗਲੇ ਤਿੰਨ ਸਾਲਾਂ ਵਿੱਚ ਇਮੀਗ੍ਰੇਸ਼ਨ ਵਿੱਚ ਵਾਧਾ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੇ ਬਾਵਜੂਦ 2020 ਵਿੱਚ ਇਮੀਗ੍ਰੇਸ਼ਨ ਨਾਟਕੀ ਢੰਗ ਨਾਲ ਮੱਠੀ ਪੈ ਗਈ। ਆਰਬੀਸੀ ਇਕਨੌਮਿਕਸ ਵੱਲੋਂ ਪੇਸ਼ ਰਿਪੋਰਟ ਅਨੁਸਾਰ 2020 ਵਿੱਚ ਕੈਨੇਡਾ ਦਾਖਲ ਹੋਣ ਵਾਲੇ ਨਵੇਂ ਪਰਮਾਨੈਂਟ ਰੈਜ਼ੀਡੈਂਟਸ ਦਾ ਅੰਕੜਾ 184,000 ਹੀ ਰਿਹਾ,ਜੋ ਕਿ ਸਾਲ ਦੇ ਸ਼ੁਰੂ ਵਿੱਚ ਮਿਥੇ ਗਏ ਟੀਚੇ ਦਾ ਅੱਧ ਸੀ।

ਜਿਹੜੇ ਆਪਣੀ ਪਰਮਾਨੈਂਟ ਰੈਜ਼ੀਡੈਂਸੀ ਸਬੰਧੀ ਅਰਜ਼ੀ ਮਨਜ਼ੂਰ ਹੋਣ ਦੀ ਉਡੀਕ ਕਰ ਰਹੇ ਸਨ ਜਾਂ ਜਿਹੜੇ ਕੈਨੇਡਾ ਵਿੱਚ ਪਨਾਹ ਲੈਣੀ ਚਾਹੁੰਦੇ ਸਨ ਜਾਂ ਰਫਿਊਜੀ ਦਾ ਦਰਜਾ ਚਾਹੁੰਦੇ ਸਨ, ਮਹਾਂਮਾਰੀ ਨੇ ਉਨ੍ਹਾਂ ਨੂੰ ਅਧਵਾਟੇ ਹੀ ਛੱਡ ਦਿੱਤਾ। ਵਿਨੀਪੈਗ ਦਾ ਐਡੀ ਸੌਂਗ 2017 ਤੋਂ ਹੀ ਕੈਨੇਡਾ ਵਿੱਚ ਰਹਿ ਰਿਹਾ ਤੇ ਕੰਮ ਕਰ ਰਿਹਾ ਹੈ। ਉਸ ਨੇ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਰਾਹੀਂ ਐਕਸਪ੍ਰੈੱਸ ਐਂਟਰੀ ਲਈ ਅਪਲਾਈ ਕੀਤਾ ਸੀ। ਪਰ ਇੱਕ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਇਹੋ ਆਖਿਆ ਜਾਂਦਾ ਹੈ ਕਿ ਥੋੜ੍ਹੀ ਦੇਰੀ ਲਈ ਉਡੀਕ ਕਰੋ।

...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance, Walkie pallet, Electric Motor, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਆਪਣੇ ਆਪ ਨੂੰ ਘਰ ਵਿਚ ਅਲੱਗ
ਨਹੀਂ ਕਰ ਸਕਦੇ?

ਮਦਦ ਉਪਲਬਧ ਹੈ।

ਸਾਡਾ ਪ੍ਰੋਗਰਾਮ ਹੋਟਲ ਦੇ ਮੁਫਤ
ਨਿੱਜੀ ਕਮਰਿਆਂ ਦੀ ਪੇਸ਼ਕਸ਼ ਕਰਦਾ ਹੈ।

ਸਾਈਨ ਅਪ ਕਰਨ ਲਈ ਜਾਂ ਵਧੇਰੇ ਜਾਣਕਾਰੀ
ਲਈ 905-281-1269 'ਤੇ ਕਾਲ



peelregion.ca/COVID-19

Region of Peel
working with you

NOW
HIRING

U.S. CROSS BORDER
SINGLES & TEAMS
AND CANADIAN TEAMS

| | |
|---|---|
| US Singles | $0.64/mile |
| US Teams | $0.66/mile |
| Canadian teams | $0.62/mile |




LIGHT SPEED
Logistics Inc.

OUR FAMILY WELCOMES YOU

- U.S. Singles – Dedicated Truck
- Desirable Lanes to the U.S.
- U.S. Teams – New Dedicated Truck
- Canadian Teams – New Dedicated Truck
- Comprehensive Company Benefits
- Flexible Work Schedule

LIGHT SPEED HAS YOU COVERED

Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8

www.lslinc.com

# ਟਰੂਡੋ ਤੇ ਬਾਇਡਨ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਗਟਾਇਆ ਤਹੱਈਆ

## ਆਰਥਿਕ ਰਿਕਵਰੀ, ਕੋਵਿਡ-19 ਖਿਲਾਫ ਲੜਾਈ ਹੋਰ ਤੇਜ਼ ਕਰਨ ਉੱਤੇ ਦਿੱਤੀ ਸਹਿਮਤੀ



ਓਟਵਾ, 25 ਫਰਵਰੀ (ਪੋਸਟ ਬਿਊਰੋ) : ਆਪਣੀ ਪਹਿਲੀ ਵਰਚੂਅਲ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕੋਵਿਡ-19 ਖਿਲਾਫ ਲੜਾਈ ਤੇਜ਼ ਕਰਨ, ਮਹਾਂਮਾਰੀ ਕਾਰਨ ਹੋਏ ਆਰਥਿਕ ਨੁਕਸਾਨ ਦੀ ਭਰਪਾਈ ਤੇ ਗਲੋਬਲ ਕਲਾਈਮੇਟ ਚੁਣੌਤੀ ਦਾ ਸਾਹਮਣਾ ਕਰਨ ਲਈ ਸਹਿਮਤੀ ਜਤਾਈ ਹੈ।

ਇਸ ਨੂੰ ਅਮਰੀਕਾ-ਕੈਨੇਡਾ ਭਾਈਵਾਲੀ ਲਈ ਨਵੇਂ ਰੋਡਮੈਪ ਦਾ ਨਾਂ ਦਿੰਦਿਆਂ ਟਰੂਡੋ ਨੇ ਆਖਿਆ ਕਿ ਇਹ ਤਰਜੀਹਾਂ ਦੋ ਮੁਲਕਾਂ ਦੀਆਂ ਸਾਂਝੀਆਂ ਕਦਰਾਂ ਕੀਮਤਾਂ ਉੱਤੇ ਅਧਾਰਿਤ ਹਨ ਤੇ ਆਉਣ ਵਾਲੇ ਸਾਲਾਂ ਵਿੱਚ ਇਹ ਕੋਸ਼ਿਸ਼ਾਂ ਹੋਰ ਤੇਜ਼ ਹੋਣਗੀਆਂ। ਮੰਗਲਵਾਰ ਨੂੰ ਮੀਟਿੰਗ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਕੋਵਿਡ-19 ਦੌਰਾਨ, ਕਲਾਈਮੇਟ ਚੇਂਜ, ਵੱਧ ਰਹੀ ਅਸਮਾਨਤਾ ਆਦਿ ਵਰਗੇ ਮੁੱਦਿਆਂ ਦੇ ਸਬੰਧ ਵਿੱਚ ਹੁਣ ਕਾਰਵਾਈ ਕਰਨ ਦਾ ਵੇਲਾ ਆ ਗਿਆ ਹੈ। ਸਾਡਾ ਸੱਭ ਤੋਂ ਪਹਿਲਾ ਕੰਮ ਲੋਕਾਂ ਨੂੰ ਸੇਫ ਰੱਖਣਾ ਤੇ ਮਹਾਂਮਾਰੀ ਨੂੰ ਖਤਮ ਕਰਨਾ ਹੈ।

ਬਾਇਡਨ ਨੇ ਚੀਨ ਦੇ ਜੇਲ੍ਹ ਵਿੱਚ ਬੰਦ ਕੈਨੇਡੀਅਨ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਨੂੰ ਆਜ਼ਾਦ ਕਰਵਾਉਣ ਵਿੱਚ ਮਦਦ ਕਰਨ ਦਾ ਤਹੱਈਆ ਵੀ ਪ੍ਰਗਟਾਇਆ। ਇਹ ਦੋਵੇਂ ਕੈਨੇਡੀਅਨ 10 ਦਸੰਬਰ 2018 ਤੋਂ ਚੀਨ ਵਿੱਚ ਨਜ਼ਰਬੰਦ ਹਨ। ਇਹ ਸੱਭ ਅਮਰੀਕਾ ਦੀ ਬੇਨਤੀ ਉੱਤੇ ਕੈਨੇਡਾ ਵੱਲੋਂ ਵੈਨਕੂਵਰ ਵਿੱਚ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਕੁੱਝ ਦਿਨ ਬਾਅਦ ਵਾਪਰਿਆ।

ਬਾਇਡਨ ਨੇ ਆਖਿਆ ਕਿ ਮਨੁੱਖ ਕੋਈ ਵਸਤਾਂ ਨਹੀਂ ਹਨ, ਅਸੀਂ ਉਨ੍ਹਾਂ ਨੂੰ ਵਾਪਿਸ ਲਿਆਉਣ ਲਈ ਰਲ ਕੇ ਕੰਮ ਕਰਾਂਗੇ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਅਮਰੀਕਾ ਇਸ ਮਾਮਲੇ ਵਿੱਚ ਕੈਨੇਡਾ ਦੀ ਕਿਵੇਂ ਮਦਦ ਕਰੇਗਾ। ਬਾਇਡਨ ਨੇ ਭਵਿੱਖ ਵਿੱਚ ਹੋਰ ਮਹਾਂਮਾਰੀਆਂ ਨੂੰ ਰੋਕਣ ਲਈ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਲਈ ਮਦਦ ਵਿੱਚ ਹੋਰ ਵਾਧਾ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਇਹ ਸਾਬਕਾ ਵਾਈਟ ਹਾਊਸ ਪ੍ਰਸ਼ਾਸਨ ਦੀ ਪਹੁੰਚ ਤੋਂ ਬਿਲਕੁਲ ਉਲਟ ਪਹੁੰਚ ਹੈ। ਸਾਬਕਾ ਟਰੰਪ ਪ੍ਰਸ਼ਾਸਨ ਨੇ ਡਬਲਿਊਐਚਓ ਦੇ ਫੰਡਾਂ ਵਿੱਚ ਕਟੌਤੀ ਕਰ ਦਿੱਤੀ ਸੀ। ਦੋਵਾਂ ਆਗੂਆਂ ਨੇ ਸਹਿਮਤੀ ਪ੍ਰਗਟਾਈ ਕਿ ਆਰਥਿਕ ਰਾਹਤ ਸੱਭ ਤੋਂ ਪਹਿਲਾਂ ਮਹਾਂਮਾਰੀ ਤੋਂ ਸੱਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਿਆਂ ਨੂੰ ਮਿਲਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਦੋਵਾਂ ਮੁਲਕਾਂ ਨੇ ਕਲਾਈਮੇਟ ਚੇਜ ਵਾਲੇ ਪਾਸੇ ਵੀ ਰਲ ਕੇ ਕੰਮ ਕਰਨ ਦੀ ਸਹਿਮਤੀ ਦਿੱਤੀ ਤੇ ਆਪਣੇ ਚਿਰਾਂ ਤੋਂ ਚੱਲੇ ਆ ਰਹੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਤਹੱਈਆ ਪ੍ਰਗਟਾਇਆ।



# ਓਨਟਾਰੀਓ ਵਿੱਚ ਹਾਈਡਰੋ ਦਰਾਂ ਵੀ ਪਹਿਲਾਂ ਵਾਂਗ ਹੋਣਗੀਆਂ ਲਾਗੂ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਵਾਸੀਆਂ ਲਈ ਘੱਟ ਮਹਿੰਗੀਆਂ ਤੇ ਫਿਕਸਡ ਹਾਈਡਰੋ ਦਰਾਂ ਮੁਹੱਈਆ ਕਰਵਾਉਣ ਵਾਲੇ ਐਮਰਜੰਸੀ ਆਰਡਰ ਅੱਜ ਰਾਤ ਤੋਂ ਖਤਮ ਹੋਣ ਜਾ ਰਹੇ ਹਨ।

ਇਹ ਹੁਕਮ ਪਹਿਲੀ ਜਨਵਰੀ ਤੋਂ ਲਾਗੂ ਹੋਏ ਸਨ ਜਦੋਂ ਪ੍ਰੋਵਿੰਸ ਪੱਧਰ ਉੱਤੇ ਲਾਕਡਾਊਨ ਆਰਡਰ ਜਾਰੀ ਕੀਤੇ ਗਏ ਸਨ। ਇਨ੍ਹਾਂ ਦਰਾਂ ਨੂੰ ਇੱਕ ਵਾਰੀ ਹੋਰ ਨਰਮ ਉਸ ਸਮੇਂ ਕੀਤਾ ਗਿਆ ਸੀ ਜਦੋਂ ਓਨਟਾਰੀਓ ਭਰ ਵਿੱਚ ਸਟੇਅ ਐਟ ਹੋਮ ਆਰਡਰ ਦਿੱਤੇ ਗਏ। ਜਿਸ ਕਾਰਨ ਹਰ ਕਿਸੇ ਨੂੰ ਆਪਣੇ ਘਰ ਤੋਂ ਕੰਮ ਕਰਨ ਲਈ ਹੱਲਾਸ਼ੇਰੀ ਮਿਲੀ। ਇਸ ਯੋਜਨਾ ਤਹਿਤ ਓਨਟਾਰੀਓ ਵਾਸੀਆਂ ਤੋਂ ਨਿਯਮਿਤ ਸਮੇਂ ਦੇ ਹਿਸਾਬ ਨਾਲ ਵਰਤੋਂ ਵਾਲੀਆਂ ਦਰਾਂ ਜਾਂ ਸਮੇਂ ਦੇ ਹਿਸਾਬ ਨਾਲ ਫਿਕਸਡ ਦਰਾਂ ਦੀ ਥਾਂ ਪ੍ਰਤੀ ਕਿਲੋਵਾਟ-ਪ੍ਰਤੀ ਘੰਟੇ ਦੇ ਹਿਸਾਬ ਨਾਲ 8.5 ਸੈਂਟ ਚਾਰਜ ਕੀਤੇ ਗਏ।



ਮਨਿਸਟਰੀ ਆਫ ਐਨਰਜੀ, ਨੌਰਦਰਨ ਡਿਵੈਲਪਮੈਂਟ ਐਂਡ ਮਾਈਨਜ਼ ਦੇ ਬੁਲਾਰੇ ਨੇ ਸੋਮਵਾਰ ਨੂੰ ਆਖਿਆ ਕਿ ਗਾਹਕਾਂ ਨੂੰ 24 ਘੰਟੇ ਸਸਤੀਆਂ ਬਿਜਲੀ ਦਰਾਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਬਹੁਤੀਆਂ ਹੈਲਥ ਯੂਨਿਟਸ ਵਿੱਚ ਸਟੇਅ ਐਟ ਹੋਮ ਆਰਡਰਜ਼ ਹਟਾ ਦਿੱਤੇ ਗਏ ਹਨ, ਅਸੀਂ ਵੀ ਗਾਹਕਾਂ ਨੂੰ ਪਹਿਲਾਂ ਵਾਲੇ ਸਟੈਂਡਰਡ ਟੀਅਰਡ ਜਿਸ ਸਮੇਂ ਬਿਜਲੀ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਸਮੇਂ ਦੇ ਹਿਸਾਬ ਨਾਲ ਪੈਸੇ ਲੈਣ ਦੀ ਕਵਾਇਅਦ 23 ਫਰਵਰੀ ਤੋਂ ਰਾਤੀਂ 12:00 ਵਜੇ ਤੋਂ ਸ਼ੁਰੂ ਹੋਣ ਜਾ ਰਹੀ ਹੈ।

# ਹਾਈਬ੍ਰਿੱਡ ਪਾਰਲੀਆਮੈਂਟ ਨਾਲ ਸਾਲ ਦੀ 6.2 ਮਿਲੀਅਨ ਡਾਲਰ ਤੱਕ ਹੋਈ ਬਚਤ : ਬਜਟ ਆਫੀਸਰ



ਓਟਵਾ, 25 ਫਰਵਰੀ (ਪੋਸਟ ਬਿਊਰੋ) : ਇੱਕ ਨਵੇਂ ਅੰਦਾਜ਼ੇ ਮੁਤਾਬਕ ਨਵੇਂ ਹਾਈਬ੍ਰਿਡ ਪਾਰਲੀਆਮੈਂਟ ਨਾਲ ਸਾਲ ਦੇ 6•2 ਮਿਲੀਅਨ ਡਾਲਰ ਦੀ ਬਚਤ ਕੀਤੀ ਜਾ ਸਕਦੀ ਹੈ।

ਕੋਵਿਡ-19 ਮਹਾਂਮਾਰੀ ਕਾਰਨ ਪਿਛਲੇ ਸਾਲ ਦੀ ਅਪਰੈਲ ਤੋਂ ਹੀ ਇਹ ਸਿਸਟਮ ਲਾਗੂ ਹੈ, ਇਸ ਵਿੱਚ ਕੁੱਝ ਐਮਪੀਜ਼ ਤੇ ਸੈਨੇਟਰਜ਼ ਨਿਜੀ ਤੌਰ ਉੱਤੇ ਪਾਰਲੀਆਮੈਂਟ ਦੀ ਕਿਸੇ ਵੀ ਕਾਰਵਾਈ ਵਿੱਚ ਹਿੱਸਾ ਲੈਂਦੇ ਹਨ ਤੇ ਕੁੱਝ ਦੂਰੋਂ ਹੀ ਅਜਿਹੀਆਂ ਗਤੀਵਿਧੀਆਂ ਦਾ ਹਿੱਸਾ ਬਣਦੇ ਹਨ। ਮਹਾਂਮਾਰੀ ਕਾਰਨ ਪਾਰਲੀਆਮੈਂਟ ਦੀ ਕਾਰਵਾਈ ਵਿੱਚ ਐਮਪੀਜ਼ ਤੇ ਸੈਨੇਟਰਜ਼ ਕਿਸ ਤਰ੍ਹਾਂ ਹਿੱਸਾ ਲੈਂਦੇ ਹਨ ਇਹ ਕਾਫੀ ਬਦਲ ਚੁੱਕਿਆ ਹੈ। ਪਾਰਲੀਆਮੈਂਟਰੀ ਬਜਟ ਆਫੀਸਰ ਦੀ ਰਿਪੋਰਟ ਵਿੱਚ ਇਹ ਆਖਿਆ ਗਿਆ ਹੈ ਕਿ ਬਚਤ ਦਾ ਮੁੱਖ ਕਾਰਨ ਟਰੈਵਲ ਵਿੱਚ ਆਈ ਕਮੀ ਹੈ।

ਇਸ ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਟਰੈਵਲ ਵਿੱਚ ਇਸ ਤਰ੍ਹਾਂ ਦੀ ਕਟੌਤੀ, ਗ੍ਰੀਨ ਹਾਊਸ ਗੈਸਾਂ ਦਾ ਰਿਸਾਅ ਕਾਰਬਨਡਾਈਆਕਸਾਈਡ ਦੇ 2,972 ਮੀਟਰਿਕ ਟੰਨ ਤੱਕ ਘਟਾਉਣ ਦੇ ਬਰਾਬਰ ਹੈ। ਬਜਟ ਵਾਚਡੌਗ ਦਾ ਇਹ ਵੀ ਆਖਣਾ ਹੈ ਕਿ ਇਸ ਮਾਡਲ ਨਾਲ ਲੋੜੀਂਦੀ ਤਕਨਾਲੋਜੀ ਤੇ ਇੰਟਰਪਰੈਟਰ ਸੇਵਾਵਾਂ ਵਿੱਚ ਵਾਧਾ ਹੋਇਆ ਹੈ।

# ਦਸੰਬਰ ਵਿੱਚ 170,000 ਕੈਨੇਡੀਅਨ ਵਿਦੇਸ਼ਾਂ ਤੋਂ ਘਰ ਪਰਤੇ : ਸਟੈਟਸ ਕੈਨ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਦੇਸ਼ ਤੋਂ ਬਾਹਰ ਗੈਰ ਜ਼ਰੂਰੀ ਟਰੈਵਲ ਨਾ ਕਰਨ ਦੀਆਂ ਗਈਆਂ ਸਲਾਹਾਂ ਦੇ ਬਾਵਜੂਦ ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ 2020 ਵਿੱਚ ਕੈਨੇਡੀਅਨਾਂ ਦੇ ਵਿਦੇਸ਼ ਟਰੈਵਲ ਕਰਨ ਦੀ ਥਾਂ ਬਹੁਤੇ ਕੈਨੇਡੀਅਨ ਦੇਸ਼ ਪਰਤੇ ਹਨ।



ਮੰਗਲਵਾਰ ਨੂੰ ਜਾਰੀ ਕੀਤੇ ਗਏ ਨਵੇਂ ਡਾਟਾ ਅਨੁਸਾਰ 170,7000 ਕੈਨੇਡੀਅਨ ਦਸੰਬਰ ਵਿੱਚ ਵਿਦੇਸ਼ਾਂ ਤੋਂ ਘਰ ਪਰਤੇ। ਏਜੰਸੀ ਨੇ ਆਖਿਆ ਕਿ ਨਵੰਬਰ 2020 ਨਾਲੋਂ ਇਹ 33.7 ਫੀ ਸਦੀ ਦਾ ਵਾਧਾ ਹੈ। ਸਟੈਟੇਸਟਿਕਸ ਦਾ ਕਹਿਣਾ ਹੈ ਕਿ ਇਨ੍ਹਾਂ ਮਹੀਨਿਆਂ ਵਿੱਚ ਕੈਨੇਡੀਅਨ ਨਾਗਰਿਕਾਂ ਵਿਦੇਸ਼ਾਂ ਤੇ ਅਮਰੀਕਾ ਵਿੱਚ ਟਰੈਵਲ ਕਰਨ ਉਪਰੰਦ ਦੇਸ਼ ਪਰਤੇ। ਸਟੈਟਸਕੈਨ ਦਾ ਕਹਿਣਾ ਹੈ ਕਿ ਅਮਰੀਕਾ ਤੇ ਹੋਰਨਾਂ ਥਾਂਵਾਂ ਤੋਂ ਕੈਨੇਡਾ ਪਰਤਣ ਵਾਲਿਆਂ ਦੀ ਗਿਣਤੀ ਦਸੰਬਰ 2019 ਦੇ ਮੁਕਾਬਲੇ ਐਤਕੀਂ 93 ਫੀ ਸਦੀ ਘੱਟ ਰਹੀ। ਏਜੰਸੀ ਨੇ ਆਖਿਆ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਕੈਨੇਡੀਅਨ ਰੈਜ਼ੀਡੈਂਟਸ ਦੀ ਗਿਣਤੀ ਵੀ 91.3 ਫੀ ਸਦੀ ਘੱਟ ਰਹੀ।

ਏਜੰਸੀ ਨੇ ਇਹ ਵੀ ਦੱਸਿਆ ਕਿ ਪਿਛਲੇ ਸਾਲ ਬਹੁਤ ਘੱਟ ਅਮੈਰੀਕਨਜ਼ ਹੀ ਕੈਨੇਡਾ ਦਾਖਲ ਹੋਏ ਤੇ ਇਸੇ ਤਰ੍ਹਾਂ ਅਮਰੀਕਾ ਜਾਣ ਵਾਲੇ ਕੈਨੇਡੀਅਨਾਂ ਦੀ ਗਿਣਤੀ ਵੀ ਘੱਟ ਰਹੀ। ਦਸੰਬਰ ਵਿੱਚ ਕੈਨਡੀਅਨ ਰੈਜ਼ੀਡੈਂਟਸ ਨੇ ਅਮਰੀਕਾ ਤੋਂ 271,100 ਰਿਟਰਨ ਟਰਿੱਪ ਕੀਤੇ ਕਿ ਇਸੇ ਅਰਸੇ ਦੌਰਾਨ ਪਿਛਲੇ ਸਾਲ 92 ਫੀ ਸਦੀ ਤੋਂ ਵੀ ਹੇਠਾਂ ਸਨ। ਕੋਵਿਡ-19 ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਪ੍ਰੋਵਿੰਸ ਵੱਲੋਂ ਸਖਤ ਕਦਮ ਚੁੱਕੇ ਗਏ ਹਨ। ਇਸੇ ਤਹਿਤ ਏਅਰਪੋਰਟਸ ਉੱਤੇ ਹੈਲਥ ਸਕਰੀਨਿੰਗ ਤੇ ਲਾਜ਼ਮੀ ਤੌਰ ਉੱਤੇ ਕੁਆਰਨਟੀਨ ਕੀਤੇ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਸਟੈਟਕੈਨ ਅਨੁਸਾਰ ਦਸੰਬਰ ਵਿੱਚ ਹਵਾਈ ਰਸਤੇ ਰਾਹੀਂ 62,500 ਕੈਨੇਡੀਅਨ ਅਮਰੀਕਾ ਤੋਂ ਪਹੁੰਚੇ ਨਵੰਬਰ 2020 ਦੇ ਮੁਕਾਬਲੇ ਇਹ 14.7 ਫੀ ਸਦੀ ਵਾਧਾ ਸੀ।

# ਰਿਚਮੰਡ ਹਿੱਲ ਵਿੱਚ ਇੱਕ ਘਰ ਵਿੱਚੋਂ ਮਿਲੀ ਮਹਿਲਾ ਦੀ ਲਾਸ਼, ਪੁਰਸ਼ ਹਿਰਾਸਤ ਵਿੱਚ



ਓਨਟਾਰੀਓ, 25 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਰਿਚਮੰਡ ਹਿੱਲ ਵਿੱਚ ਵਾਪਰੀ ਘਟਨਾ ਤੋਂ ਬਾਅਦ ਇੱਕ ਮਹਿਲਾ ਮ੍ਰਿਤਕ ਪਾਈ ਗਈ ਤੇ ਇੱਕ ਪੁਰਸ਼ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਜਾਣਕਾਰੀ ਯੌਰਕ ਪੁਲਿਸ ਨੇ ਦਿੱਤੀ।

ਕਾਂਸਟੇਬਲ ਲੌਰਾ ਨਿਕੋਲ ਦਾ ਕਹਿਣਾ ਹੈ ਕਿ ਪੁਲਿਸ ਨੂੰ ਬੌਂਡ ਕ੍ਰੀਸੈਂਟ ਤੇ ਕਿੰਗ ਰੋਡ ਉੱਤੇ ਸਥਿਤ ਇੱਕ ਘਰ ਵਿੱਚ ਰਾਤੀਂ 7:45 ਉੱਤੇ ਸੱਦਿਆ ਗਿਆ। ਮਹਿਲਾ ਦੀ ਮੌਤ ਦਾ ਕਾਰਨ ਪਤਾ ਨਹੀਂ ਲੱਗਿਆ ਹੈ। ਪੁਲਿਸ ਨੇ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ ਵਿਅਕਤੀ ਨੂੰ ਕਾਫੀ ਸੱਟਾਂ ਲੱਗੀਆਂ ਹੋਈਆਂ ਸੀ। ਪੁਲਿਸ ਨੇ ਇਹ ਵੀ ਦੱਸਿਆ ਕਿ ਇਹ ਸਾਰੀਆਂ ਸੱਟਾਂ ਉਸ ਨੇ ਖੁਦ ਹੀ ਮਾਰੀਆਂ ਸਨ। ਪਰ ਪੁਲਿਸ ਨੇ ਇਸ ਸਬੰਧ ਵਿੱਚ ਹੋਰ ਜਾਣਕਾਰੀ ਨਹੀਂ ਦਿੱਤੀ।

ਪੁਲਿਸ ਦਾ ਕਹਿਣਾ ਹੈ ਕਿ ਜਨਤਾ ਨੂੰ ਇਸ ਘਟਨਾ ਤੋਂ ਬਾਅਦ ਕਿਸੇ ਕਿਸਮ ਦਾ ਖਤਰਾ ਨਹੀਂ ਹੈ, ਪਰ ਇਲਾਕੇ ਵਿੱਚ ਪੁਲਿਸ ਭਾਰੀ ਮਾਤਰਾ ਵਿੱਚ ਨਜ਼ਰ ਆਈ। ਮਾਮਲੇ ਦੀ ਜਾਂਚ ਲਈ ਮੇਜਰ ਕ੍ਰਾਈਮਜ਼ ਯੂਨਿਟ ਨੂੰ ਸੱਦਿਆ ਗਿਆ।

# ਬੱਚੇ ਦੀ ਲਾਸ਼ ਘਰ ਵਿੱਚੋਂ ਹੀ ਮਿਲਣ ਤੋਂ ਬਾਅਦ, 2 ਗ੍ਰਿਫਤਾਰ



ਹੈਮਿਲਟਨ, 25 ਫਰਵਰੀ (ਪੋਸਟ ਬਿਊਰੋ) : ਘਰ ਵਿੱਚੋਂ ਬੱਚੇ ਦੀ ਲਾਸ਼ ਮਿਲਣ ਉਪਰੰਤ ਹੈਮਿਲਟਨ ਪੁਲਿਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਕਮਿਊਨਿਟੀ ਦੇ ਇੱਕ ਮੈਂਬਰ ਵੱਲੋਂ ਅੱਧੀ ਰਾਤ ਤੋਂ ਬਾਅਦ ਉਨ੍ਹਾਂ ਨੂੰ ਇਹ ਰਿਪੋਰਟ ਦਿੱਤੀ ਗਈ ਕਿ 104 ਵੈਲਿੰਗਟਨ ਸਟਰੀਟ ਨੌਰਥ ਉੱਤੇ ਸਥਿਤ ਇੱਕ ਘਰ ਵਿੱਚ ਕੁੱਝ ਗੜਬੜ ਹੋ ਰਹੀ ਹੈ। ਇਸ ਤੋਂ ਬਾਅਦ ਜਾਂਚਕਾਰ ਮੌਕੇ ਉੱਤੇ ਪਹੁੰਚੇ। ਬੱਚੇ ਦੀ ਲਾਸ਼ ਘਰ ਦੀ ਬੇਸਮੈਂਟ ਤੋਂ ਮਿਲੀ।

ਇਸ ਸਬੰਧ ਵਿੱਚ 34 ਸਾਲਾ ਪੁਰਸ਼ ਨਥਾਨ ਓਬ੍ਰਾਇਨ੍ਹ ਤੇ 24 ਸਾਲਾ ਮਹਿਲਾ ਵਿਨੀ ਐਨਸਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਵਾਂ ਨੂੰ ਮੁਜਰਮਾਨਾ ਅਣਗਹਿਲੀ ਕਾਰਨ ਮੌਤ ਹੋਣ ਤੇ ਲਾਸ਼ ਨਾਲ ਛੇੜਛਾੜ ਕਰਨ ਦੇ ਚਾਰਜ ਲਾਏ ਗਏ ਹਨ। ਬੱਚੇ ਦੀ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਪੋਸਟ ਮਾਰਟਮ ਕਰਵਾਇਆ ਜਾਵੇਗਾ।

# ਬਰੈਂਪਟਨ ਵਿੱਚ ਚੱਲੀ ਗੋਲੀ, ਇੱਕ ਗੰਭੀਰ ਜ਼ਖ਼ਮੀ



ਬਰੈਂਪਟਨ,25 ਫਰਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਬਰੈਂਪਟਨ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਪੀਲ ਪੁਲਿਸ ਨੇ ਦਿੱਤੀ।

ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 2:00 ਵਜੇ ਮੈਕਲਾਫਲਿਨ ਨੇੜੇ ਮੇਅਫੀਲਡ ਰੋਡ ਤੇ ਵੈਨ ਕਰਕ ਡਰਾਈਵ ਇਲਾਕੇ ਵਿੱਚ ਗੋਲੀ ਚੱਲਣ ਦੀ ਰਿਪੋਰਟ ਮਿਲੀ। ਪਰ ਅਜੇ ਤੱਕ ਸਥਿਤੀ ਸਪਸ਼ਟ ਨਹੀਂ ਹੋ ਸਕੀ ਹੈ। ਹਾਲ ਦੀ ਘੜੀ ਕਿਸੇ ਮਸ਼ਕੂਕ ਦੀ ਵੀ ਪੁਲਿਸ ਵੱਲੋਂ ਭਾਲ ਨਹੀਂ ਕੀਤੀ ਜਾ ਰਹੀ।

# ਮੇਪਲ ਲੀਫ ਫੂਡ ਫੈਸਿਲਿਟੀ ਉੱਤੇ ਛੁਰੇਬਾਜ਼ੀ ਵਿੱਚ 2 ਮਹਿਲਾਵਾਂ ਜ਼ਖ਼ਮੀ, ਇੱਕ ਵਿਅਕਤੀ ਗ੍ਰਿਫਤਾਰ

ਹੈਮਿਲਟਨ, 25 ਫਰਵਰੀ (ਪੋਸਟ ਬਿਊਰੋ) : ਹੈਮਿਲਟਨ ਵਿੱਚ ਕੰਮ ਵਾਲੀ ਥਾਂ ਉੱਤੇ ਆਪਣੀਆਂ ਦੋ ਸਹਿ ਵਰਕਰਜ਼ ਉੱਤੇ ਚਾਕੂ ਨਾਲ ਹਮਲਾ ਕਰਨ ਦੇ ਦੋਸ਼ ਵਿੱਚ ਇੱਕ 39 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਮੇਪਲ ਲੀਫ ਫੂਡਜ਼ ਦਾ ਕਹਿਣਾ ਹੈ ਕਿ ਇਹ ਘਟਨਾ ਸਿਟੀ ਵਿੱਚ ਸਥਿਤ ਉਨ੍ਹਾਂ ਦੀ ਫੈਸਿਲਿਟੀ ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 4:00 ਵਜੇ ਦੇ ਨੇੜੇ ਤੇੜੇ ਇਸ ਹਮਲੇ ਦੀ ਖਬਰ ਮਿਲੀ। ਮੌਕੇ ਉੱਤੇ ਉਨ੍ਹਾਂ ਨੂੰ ਇੱਕ ਮਹਿਲਾ, ਜੋ ਕਿ ਆਪਣੇ 40ਵਿਆਂ ਵਿੱਚ ਸੀ, ਤੇ ਇੱਕ ਟੀਨੇਜਰ ਲੜਕੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲੀਆਂ। ਉਨ੍ਹਾਂ ਉੱਤੇ ਤੇਜ਼ ਧਾਰ ਹਥਿਆਰ ਨਾਲ ਕਈ ਵਾਰ ਕੀਤੇ ਗਏ ਸਨ।

ਪੁਲਿਸ ਨੇ ਦੱਸਿਆ ਕਿ ਦੋਵਾਂ ਮਹਿਲਾਵਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਹੈਮਿਲਟਨ ਦੇ 39 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਨੂੰ ਹਮਲਾ ਕਰਨ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

# ਚੋਰੀ ਕਰ ਰਹੇ ਨੌਜਵਾਨ ਨੇ ਜਲੰਧਰ ਦੇ ਮੈਨੇਜਰ ਨੂੰ ਗੋਲੀ ਮਾਰ ਦਿੱਤੀ

ਸੋਹਨਾ (ਗੁਰੂਗ੍ਰਾਮ), 25 ਫਰਵਰੀ (ਪੋਸਟ ਬਿਊਰੋ)- ਚੋਰੀ ਨੂੰ ਰੋਕਣ 'ਤੇ ਐਕਸਪ੍ਰੈਸਵੇਅਬਣਾਉਣ ਵਾਲੀ ਕੰਪਨੀ ਦੇ ਸਾਈਟ ਮੈਨੇਜਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮੁੰਬਈ ਐਕਸਪ੍ਰੈਸਵੇਅਬਣਾਉਣ ਦਾ ਕੰਮ ਐਪਕੋ ਇਨਫਰਾਟੈਕ ਕੰਪਨੀ ਕਰ ਰਹੀ ਹੈ। ਇਸ ਕੰਪਨੀ ਦਾ ਸੋਹਨਾ ਖੇਤਰ ਦੇ ਪਿੰਡ ਸੰਚੌਲੀ ਵਿੱਚ ਸਾਈਟ ਦਫਤਰ ਤੇ ਗੋਦਾਮ ਹੈ, ਜਿੱਥੇ ਜਲੰਧਰ ਦੇ ਰੋਹਿਤ ਸ਼ਰਮਾ ਸਾਈਟ ਮੈਨੇਜਰ ਸਨ। ਕੰਪਨੀ ਦੇ ਅਜੈ ਵਿਕਰਮ ਸਿੰਘ ਨੇ ਦੱਸਿਆ ਕਿ ਰਾਤ ਕਰੀਬ 11.45 ਵਜੇ ਆਈ-20 ਕਾਰ ਵਿੱਚ ਇੱਕ ਵਿਅਕਤੀ ਆਇਆ ਅਤੇ ਉਹ ਗੋਦਾਮ ਵਿੱਚ ਚੋਰੀ ਕਰ ਰਿਹਾ ਸੀ ਤਾਂ ਰੋਹਿਤ ਨੇ ਦੇਖ ਕੇ ਟੋਕਿਆ ਤਾਂ ਉਹ ਵਿਅਕਤੀ ਗੋਲੀ ਮਾਰ ਕੇ ਭੱਜ ਗਿਆ। ਗੋਲੀ ਦੀ ਆਵਾਜ਼ ਸੁਣ ਕੇ ਸਹਿਯੋਗੀ ਮੁਲਾਜ਼ਮ ਬਾਹਰ ਆਏ ਅਤੇ ਬੇਹੋਸ਼ ਹੋ ਚੁੱਕੇ ਰੋਹਿਤ ਨੂੰ ਐਂਬੂਲੈਂਸ 'ਚ ਮੇਦਾਂਤਾ ਹਸਪਤਾਲ ਲੈ ਗਏ। ਕੁਝ ਦੇਰ ਬਾਅਦ ਡਾਕਟਰ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ।ਸੋਹਨਾ ਕਰਾਈਮ ਬ੍ਰਾਂਚ ਦੀ ਟੀਮ ਨੇ ਅੱਠ ਘੰਟੇ ਦੇ ਅੰਦਰ ਦੋਸ਼ੀ ਭੀਮ ਸਿੰਘ ਦੀ ਪਛਾਣ ਕਰ ਕੇ ਗ੍ਰਿਫ਼ਤਾਰ ਕਰ ਲਿਆ। ਭੀਮ ਸਿੰਘ ਨੂੰਹ ਜ਼ਿਲ੍ਹੇ ਦੇ ਪਿੰਡ ਹਿਲਾਲਪੁਰ ਦਾ ਵਾਸੀ ਹੈ। ਉਹ ਪਹਿਲਾਂ ਟੈਕਸੀ ਚਲਾਉਂਦਾ ਸੀ। ਕੋਰੋਨਾ ਸੰਕਟ ਵਿੱਚ ਕੰਮ ਠੱਪ ਹੋਣ ਪਿੱਛੋਂ ਚੋਰੀਆਂ ਕਰਨ ਲੱਗ ਪਿਆ। ਉਹ ਕਈ ਥਾਂਈਂ ਬਣਦੇ ਪ੍ਰਾਜੈਕਟ੍ਰ ਵਿੱਚੋਂ ਲੋਹੇ ਦਾ ਸਾਮਾਨ ਚੋਰੀ ਕਰ ਕੇ ਵੇਚ ਦਿੰਦਾ ਸੀ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਫਾਈਜ਼ਰ ਤੇ ਮੌਡਰਨਾ ਕੋਲੋਂ ਇਸ ਹਫਤੇ ਕੈਨੇਡਾ ਨੂੰ ਹਾਸਲ ਹੋਣਗੀਆਂ ਵੈਕਸੀਨ ਦੀਆਂ 640,000 ਡੋਜ਼ਾਂ

ਓਟਵਾ, 25 ਫਰਵਰੀ (ਪੋਸਟ ਬਿਊਰੋ) : ਕੈਨੇਡਾ ਨੂੰ ਇਸ ਹਫਤੇ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਕੋਲੋਂ ਕੋਵਿਡ-19 ਵੈਕਸੀਨ ਦੀਆਂ ਡੋਜ਼ਾਂ ਵੱਡੀ ਮਾਤਰਾ ਵਿੱਚ ਮਿਲਣ ਜਾ ਰਹੀਆਂ ਹਨ। ਇਸ ਦੇ ਨਾਲ ਹੀ ਕੈਨੇਡਾ ਆਪਣੇ ਵੱਲੋਂ ਵੈਕਸੀਨੇਸ਼ਨ ਦੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਜਾ ਰਿਹਾ ਹੈ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਇਸ ਹਫਤੇ ਉਨ੍ਹਾਂ ਨੂੰ ਇਨ੍ਹਾਂ ਫਾਰਮਾਸਿਊਟੀਕਲ ਕੰਪਨੀਆਂ ਤੋਂ 640,000 ਤੋਂ ਵੱਧ ਸ਼ੌਟਸ ਹਾਸਲ ਹੋਣ ਦੀ ਉਮੀਦ ਹੈ। ਅਜਿਹਾ ਹੋਣ ਨਾਲ ਇੱਕ ਹਫਤੇ ਦੇ ਅੰਦਰ ਅੰਦਰ ਕੈਨੇਡਾ ਨੂੰ ਵੈਕਸੀਨ ਦੀ ਮਿਲਣ ਵਾਲੀ ਇਹ ਸੱਭ ਤੋਂ ਵੱਡੀ ਖੇਪ ਹੋਵੇਗੀ। ਇਸ ਤੋਂ ਪਹਿਲਾ ਰਿਕਾਰਡ ਪਿਛਲੇ ਹਫਤੇ ਉਸ ਸਮੇਂ ਬਣਿਆ ਸੀ ਜਦੋਂ ਫਾਈਜ਼ਰ ਤੇ



ਬਾਇਓਐਨਟੈਕ ਨੇ 400,000 ਡੋਜ਼ਾਂ ਕੈਨੇਡਾ ਨੂੰ ਮੁਹੱਈਆ ਕਰਵਾਈਆਂ ਸਨ।

ਦੋਵਾਂ ਕੰਪਨੀਆਂ ਵੱਲੋਂ ਇਸ ਹਫਤੇ 475,000 ਸ਼ੌਟਸ ਤੋਂ ਵੀ ਵੱਧ ਸ਼ੌਟਸ ਕੈਨੇਡਾ ਭੇਜੇ ਜਾਣਗੇ। ਇੰਜ ਲੱਗਦਾ ਹੈ ਕਿ ਦੋਵੇਂ ਕੰਪਨੀਆਂ ਮਾਰਚ ਦੇ ਅੰਤ ਤੱਕ 4 ਮਿਲੀਅਨ ਡੋਜ਼ਾਂ ਕੈਨੇਡਾ ਨੂੰ ਮੁਹੱਈਆ ਕਰਵਾਉਣ ਦੇ ਆਪਣੇ ਫੈਸਲੇ ਨੂੰ ਪੂਰਾ ਕਰਨਾ ਚਾਹੁੰਦੀਆਂ ਹਨ। ਇਸ ਹਫਤੇ ਕੈਨੇਡਾ ਨੂੰ ਮੌਡਰਨਾ ਤੋਂ ਵੀ 168,000 ਸ਼ੌਟਸ ਹਾਸਲ ਹੋਣਗੇ। ਇਹ ਕੰਪਨੀ ਹਰੇਕ ਤੀਜੇ ਹਫਤੇ ਕੈਨੇਡਾ ਨੂੰ ਆਪਣੀ ਵੈਕਸੀਨ ਭੇਜਦੀ ਹੈ। ਫਾਈਜ਼ਰ-ਬਾਇਓਐਨਟਕ ਤੋਂ ਉਲਟ ਮੌਡਰਨਾ ਵੱਲੋਂ ਭੇਜੀ ਜਾਣ ਵਾਲੀ ਵੈਕਸੀਨ ਉੱਤਰੀ ਤੇ ਰਿਮੋਟ ਕਮਿਊਨਿਟੀਜ਼ ਤੱਕ ਪਹੁੰਚਾਈ ਜਾਂਦੀ ਹੈ।

# ਟੈਕਸੀ ਇੰਡਸਟਰੀ ਨੂੰ ਰਾਹਤ ਲਈ ਸਿਟੀ ਆਫ ਟੋਰਾਂਟੋ ਵੱਲੋਂ ਨਵੇਂ ਪ੍ਰੋਗਰਾਮ ਦਾ ਖੁਲਾਸਾ



ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਟੈਕਸੀ ਇੰਡਸਟਰੀ ਦੀ ਹਾਲਤ ਨੂੰ ਸੁਧਾਰਨ ਲਈ ਕੁੱਝ ਰੈਗੂਲੇਟਰੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਇੰਡਸਟਰੀ ਨੂੰ ਕਾਫੀ ਮਦਦ ਮਿਲਣ ਦੀ ਉਮੀਦ ਹੈ।

ਕੋਵਿਡ-19 ਮਹਾਂਮਾਰੀ ਅਤੇ ਊਬਰ ਅਤੇ ਲਿਫਟ ਵਰਗੇ ਐਪਸ ਕਾਰਨ ਟੈਕਸੀ ਇੰਡਸਟਰੀ ਉੱਤੇ ਪਿਛਲੇ ਕੁੱਝ ਸਾਲਾਂ ਤੋਂ ਕਾਫੀ ਬੋਝ ਪਿਆ ਹੈ। ਸਿਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੈਕਸੀਕੈਬ ਤੇ ਲਿਮੋਜ਼ਿਨ ਇੰਡਸਟਰੀ ਉੱਤੇ ਦਬਾਅ ਕਾਫੀ ਵਧਿਆ ਹੈ। ਇਸ ਸਾਲ ਮਹਾਂਮਾਰੀ ਕਾਰਨ ਤਾਂ ਇੰਡਸਟਰੀ ਦੀਆਂ ਸੇਵਾਵਾਂ ਵਿੱਚ ਕਾਫੀ ਕਟੌਤੀ ਹੋ ਜਾਣ ਕਾਰਨ ਹਾਲਤ ਹੋਰ ਵੀ ਮਾੜੀ ਹੋ ਗਈ। ਇਸ ਲਈ ਸਿਟੀ ਵੱਲੋਂ ਇੰਡਸਟਰੀ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਸ਼ਨਿੱਚਰਵਾਰ ਨੂੰ ਸਿਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 2021 ਦੇ ਬਜਟ ਦੇ ਹਿੱਸੇ ਵਜੋਂ ਸਿਟੀ ਕਾਊਂਸਲ ਵੱਲੋਂ ਹੇਠ ਲਿਖੀਆਂ ਰੈਗੂਲੇਟਰੀ ਤਬਦੀਲੀਆਂ ਕੀਤੀਆਂ ਜਾਣਗੀਆਂ। ਸਿਟੀ ਵੱਲੋਂ ਜਾਰੀ ਨਵੀਂ ਰਲੀਜ਼ ਅਨੁਸਾਰ ਇਹ ਤਬਦੀਲੀਆਂ ਹੇਠ ਲਿਖੇ ਅਨੁਸਾਰ ਹਨ :

- ਸਿਟੀ ਕਾਊਂਸਲ ਦੇ ਅਗਲੇ ਫੈਸਲੇ ਤੱਕ ਰਨਿਊਅਲ ਫੀਸ ਵਿੱਚ 50 ਫੀ ਸਦੀ ਕਟੌਤੀ
- 2021 ਲਈ ਵ੍ਹੀਕਲ ਫੌਰ ਹਾਇਰ ਅਸੈਸੇਬਿਲਿਟੀ ਫੰਡ ਪ੍ਰੋਗਰਾਮ ਲਈ ਰੈਗੂਲੇਟਰੀ ਚਾਰਜਿਜ਼ ਵਿੱਚ ਅਸਥਾਈ ਕਟੌਤੀ
- ਰਨਿਊਅਲ ਫੀਸ ਅਦਾ ਨਾ ਕੀਤੇ ਜਾਣ ਕਾਰਨ 2020 ਵਿੱਚ ਐਕਸਪਾਇਰ ਹੋ ਚੁੱਕੇ ਤੇ ਰੱਦ ਹੋ ਚੁੱਕੇ ਟੈਕਸੀਕੈਬ ਲਾਇਸੰਸਾ ਨੂੰ ਬਹਾਲ ਕਰਨ ਦੇ ਸਬੰਧ ਵਿੱਚ ਤੇ ਫੀਸ ਅਦਾਇਗੀ ਲਈ 31 ਦਸੰਬਰ, 2021 ਤੱਕ ਡੈਡਲਾਈਨ ਵਿੱਚ ਵਾਧਾ ਕੀਤਾ ਗਿਆ ਹੈ।
- 2021 ਵਿੱਚ ਰਨਿਊਅਲ ਫੀਸ ਅਦਾ ਨਾ ਕਰਨ ਲਈ ਵ੍ਹੀਕਲ ਫੌਰ ਹਾਇਰ ਲਾਇਸੰਸ ਰੱਦ ਹੋਣ ਨੂੰ ਮੁਲਤਵੀ ਕੀਤਾ ਜਾਣਾ, ਇਹ ਅਦਾਇਗੀ ਮੁਲਤਵੀ ਅਰਜ਼ੀ ਪ੍ਰਕਿਰਿਆ ਦੀ ਰਿਪੋਰਟ ਉੱਤੇ ਅਧਾਰਤ ਹੈ।

ਸਿਟੀ ਦਾ ਕਹਿਣਾ ਹੈ ਕਿ ਇਸ 2.47 ਮਿਲੀਅਨ ਡਾਲਰ ਦੀ ਮਦਦ ਨਾਲ 8670 ਡਰਾਈਵਰਾਂ ਦੀ ਮਦਦ ਹੋਵੇਗੀ।

# 300 ਪਲੱਸ ਪੀਐਸਡਬਲਿਊਜ਼ ਦੀ ਟਰੇਨਿੰਗ ਉੱਤੇ 4 ਮਿਲੀਅਨ ਡਾਲਰ ਖਰਚ ਕਰੇਗੀ ਫੋਰਡ ਸਰਕਾਰ



ਓਨਟਾਰੀਓ, 25 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਸੈਂਕੜੇ ਪਰਸਨਲ ਸਪੋਰਟ ਵਰਕਰਜ਼ (ਪੀਐਸਡਬਲਿਊਜ਼) ਨੂੰ ਟਰੇਨਿੰਗ ਦੇਣ ਲਈ ਚਾਰ ਮਿਲੀਅਨ ਡਾਲਰ ਖਰਚਣ ਦੀ ਤਿਆਰੀ ਕਰ ਰਹੀ ਹੈ।

ਲਾਂਗ ਟਰਮ ਕੇਅਰ ਰ... ਮੰਤਰੀ ਡਾ. ਮੈਰਿਲੀ ਫੁਲਰਟਨ ਦਾ ਕਹਿਣਾ ਹੈ ਕਿ ਇਹ ਰਕਮ ਮਹਾਂਮਾਰੀ ਵਿੱਚ ਸੱਭ ਤੋਂ ਵੱਧ ਪ੍ਰਭਾਵਿਤ ਹੋਏ ਰੀਜਨਜ਼ ਲਈ ਦਿੱਤੀ ਜਾਵੇਗੀ ਤੇ ਇਸ ਨਾਲ 373 ਨਵੇਂ ਪੀਐਸਡਬਲਿਊ ਨੂੰ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਪ੍ਰੋਫੈਸ਼ਨ ਨਾਲ ਜੁੜਨ ਲਈ ਹੱਲਾਸ਼ੇਰੀ ਵੀ ਦਿੱਤੀ ਗਈ। ਫੁਲਰਟਨ ਨੇ ਆਖਿਆ ਕਿ ਕਮਜ਼ੋਰ ਲੋਕਾਂ ਦੀਆਂ ਜ਼ਿੰਦਗੀਆਂ ਬਦਲਣ ਦਾ ਇਹ ਸੁਨਹਿਰਾ ਮੌਕਾ ਹੈ। ਸਾਡੇ ਪੀਐਸਡਬਲਿਊ ਸਾਡੇ ਲਈ ਬਹੁਤ ਮਾਇਨੇ ਰੱਖਦੇ ਹਨ। ਰੋਜ਼ਾਨਾ ਸਾਡੇ ਹੈਲਥ ਕੇਅਰ ਹੀਰੋਜ਼ ਜਿਹੜਾ ਕੰਮ ਕਰ ਰਹੇ ਹਨ ਅਸੀਂ ਉਨ੍ਹਾਂ ਦੇ ਬਹੁਤ ਸ਼ੁਕਰਗੁਜ਼ਾਰ ਹਾਂ।

ਇਹ ਫੰਡ ਅੱਠ ਪ੍ਰੋਜੈਕਟਾਂ ਲਈ ਖਰਚ ਕੀਤੇ ਜਾਣਗੇ :

- ਪੀਐਸਡਬਲਿਊ ਟਰੇਨਿੰਗ ਵਾਲੇ ਲੋਕਲ ਓਨਟਾਰੀਓ ਵਰਕਜ਼ ਦੇ 20 ਬੇਰੋਜ਼ਗਾਰ ਨੌਕਰੀ ਚਾਹੁਣ ਵਾਲਿਆਂ ਨੂੰ ਨਾਲ ਜੋੜਨ ਲਈ ਕੈਨੇਡੋਰ ਕਾਲਜ ਲਈ 295,500 ਡਾਲਰ
- ਲੈਨਾਰਕ ਵਿੱਚ ਰੈਨਫਰਿਊ ਕਾਊਂਟੀਜ਼ ਵਿੱਚ 60 ਪਾਰਅੀਸਿਪੈਂਟਸ ਨੂੰ ਟਰੇਨਿੰਗ ਦੇਣ ਲਈ ਤੇ ਪਾਥਵੇਅ 2ਪੀਐਸਡਬਲਿਊ ਪ੍ਰੋਜੈਕਟ ਦੀ ਮਦਦ ਲਈ ਕੈਨੇਡੀਅਨ ਕਰੀਅਰ ਅਕੈਡਮੀ ਆਫ ਬਿਜ਼ਨਸ ਐਂਡ ਟੈਕਨਾਲੋਜੀ ਇਨਕਾਰਪੋਰੇਸ਼ਨ ਵਾਸਤੇ 941,000 ਡਾਲਰ
- ਇੰਪਲੌਇਰਜ਼ ਨੂੰ ਨੌਕਰੀ ਲਈ ਤਿਆਰ 20 ਹੁਨਰਮੰਦ ਵਰਕਰਜ਼ ਮੁਹੱਈਆ ਕਰਵਾਉਣ ਅਤੇ ਹੈਲਥ ਕੇਅਰ ਸੈਕਟਰ ਵਿੱਚ ਇੰਪਲੌਇਮੈਂਟ ਐਂਡ ਟਰੇਨਿੰਗ ਸਰਵਿਸਿਜ਼ ਵਾਲੇ ਪਾਰਟੀਸਿਪੈਂਟਸ ਮੁਹੱਈਆ ਕਰਵਾਉਣ ਲਈ ਮੋਹਾਕ ਕਾਲਜ ਆਫ ਅਪਲਾਈਡ ਆਰਟਸ ਐਂਡ ਟੈਕਨਾਲੋਜੀ ਲਈ 265,810 ਡਾਲਰ

ਸਰਕਾਰ ਦਾ ਕਹਿਣਾ ਹੈ ਕਿ ਕੁੱਝ ਪ੍ਰੋਜੈਕਟ ਪਹਿਲਾਂ ਹੀ ਚੱਲ ਰਹੇ ਹਨ ਜਦਕਿ ਬਾਕੀ ਹੋਰ ਬਸੰਤ ਵਿੱਚ ਸ਼ੁਰੂ ਹੋਣਗੇ। ਸਰਕਾਰ ਦਾ ਕਹਿਣਾ ਹੈ ਕਿ ਇਸ ਵਿੱਚੋਂ ਕੁੱਝ ਰਕਮ ਅਜਿਹੇ ਐਜੂਕੇਸ਼ਨਲ ਰਿਸੋਰਸ ਤਿਆਰ ਕਰਨ ਲਈ ਵੀ ਵਰਤੀ ਜਾਵੇਗੀ ਜਿਸ ਨਾਲ ਪੀਐਸਡਬਲਿਊਜ਼ ਦਾ ਇਨਫੈਕਸ਼ਨਜ਼ ਨੂੰ ਐਕਸਪੋਜ਼ਰ ਘੱਟ ਸਕੇ। ਐਨਡੀਪੀ ਆਗੂ ਐਂਡਰੀਆ ਹੌਰਵਥ ਵੱਲੋਂ ਪੀਐਸਡਬਲਿਊਜ਼ ਦੇ ਭੱਤਿਆਂ ਵਿੱਚ ਇੱਕ ਘੰਟੇ ਦਾ ਚਾਰ ਡਾਲਰ ਦਾ ਵਾਧਾ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਸੋਮਵਾਰ ਨੂੰ ਇੱਕ ਵਾਰੀ ਫਿਰ ਮਤਾ ਲਿਆਂਦਾ ਪਰ ਡੱਗ ਫੋਰਡ ਤੇ ਪ੍ਰੋਗਰੈਸਿਵ ਕੰਜ਼ਰਵੇਟਿਵ ਐਮਪੀਪੀਜ਼ ਵੱਲੋਂ ਇਸ ਦੇ ਖਿਲਾਫ ਵੋਟ ਪਾਈ ਗਈ।

# ਯੌਰਕ ਰੀਜਨ ਵਿੱਚ ਖੁੱਲ੍ਹਣਗੇ ਰੈਸਟੋਰੈਂਟਸ ਤੇ ਰੀਟੇਲ ਕਾਰੋਬਾਰ

## ਟੋਰਾਂਟੋ ਤੇ ਪੀਲ ਵਿੱਚ ਸਟੇਅ ਐਟ ਹੋਮ ਆਰਡਰ ਜਾਰੀ ਰਹਿਣਗੇ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਜੀਟੀਏ ਦਾ ਕੋਵਿਡ-19 ਹੌਟ ਸਪੌਟ ਰਹਿ ਚੁੱਕਿਆ ਏਰੀਆ ਸੋਮਵਾਰ ਤੋਂ ਪ੍ਰੋਵਿੰਸ ਦੇ ਕਲਰ ਕੋਡ ਸਿਸਟਮ ਵਿੱਚ ਆ ਰਿਹਾ ਹੈ ਜਦਕਿ ਟੋਰਾਂਟੋ ਤੇ ਪੀਲ ਰੀਜਨ ਵਿੱਚ ਸਟੇਅ ਐਟ ਹੋਮ ਆਰਡਰ ਜਾਰੀ ਰਹਿਣ-ਗੇ।

ਪ੍ਰੋਵਿੰਸ ਦੇ ਪੈਨਡੈਮਿਕ ਫਰੇਮਵਰਕ ਦੇ ਦੂਜੇ ਸੱਭ ਤੋਂ ਪਾਬੰਦੀਸ਼ੁਦਾ ਪੱਧਰ ਉੱਤੇ ਯੌਰਕ ਰੀਜਨ ਵਿੱਚ ਕਾਰੋਬਾਰਾਂ ਨੂੰ ਖੁੱਲ੍ਹਣ ਦੀ ਇਜਾਜ਼ਤ ਹੋਵੇਗੀ। ਗੈਰ ਜ਼ਰੂਰੀ ਰੀਟੇਲਰਜ਼ ਤੇ ਰੈਸਟੋਰੈਂਟਸ ਕਸਟਮਰਜ਼ ਨੂੰ ਵਾਪਿਸ ਸੱਦ ਸਕਣਗੇ। ਪਰ ਇਨ੍ਹਾਂ ਸਟੋਰਜ਼ ਤੇ ਦੁਕਾਨਾਂ ਆਦਿ ਉੱਤੇ ਗਾਹਕਾਂ ਦੇ ਸੀਮਤ ਦਾਖਲੇ ਤੇ ਫਿਜ਼ੀਕਲ ਡਿਸਟੈਂਸਿੰਗ ਦਾ ਧਿਆਨ ਰੱਖਿਆ ਜਾਣਾ ਲਾਜ਼ਮੀ ਕੀਤਾ ਗਿਆ ਹੈ।

ਫੋਰਡ ਸਰਕਾਰ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਯੌਰਕ



ਰੀਜਨ ਨੂੰ ਰੈੱਡ ਜ਼ੋਨ ਵਿੱਚ ਰੱਖਿਆ ਜਾ ਰਿਹਾ ਹੈ। ਇਸ ਦੌਰਾਨ ਦਰਹਾਮ, ਹਾਲਟਨ, ਹੈਮਿਲਟਨ ਤੇ ਹੋਰ ਰੀਜਨਜ਼ ਵੀ ਇਸ ਜ਼ੋਨ ਵਿੱਚ ਉਸ ਦੇ ਨਾਲ ਹੋਣਗੇ। ਸਰਕਾਰ ਨੇ ਟੋਰਾਂਟੋ ਤੇ ਪੀਲ ਨੂੰ ਇਸ ਜ਼ੋਨ ਵਿੱਚ ਦਾਖਲ ਹੋਣ ਤੋਂ ਰੋਕ ਲਿਆ ਸੀ। ਇਸ ਦੌਰਾਨ ਮਾਰਖਮ ਦੇ ਮੇਅਰ ਫਰੈਂਕ ਸਕਾਰਪਿੱਤੀ ਨੇ ਸੋਮਵਾਰ ਨੂੰ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਚੀਜ਼ਾਂ ਰੀਓਪਨ ਹੋ ਰਹੀਆਂ ਹਨ। ਪਰ ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਅਜਿਹਾ ਹੌਲੀ ਹੌਲੀ ਹੋਵੇ।

ਦੋ ਹਫਤੇ ਤੋਂ ਬਾਅਦ ਸਰਕਾਰ ਪਬਲਿਕ ਹੈਲਥ ਤੇ ਵਰਕਪਲੇਸ ਸੇਫਟੀ ਮਾਪਦੰਡਾਂ ਦੇ ਅਸਰ ਦਾ ਜਾਇਜ਼ਾ ਲਵੇਗੀ। ਅਜਿਹਾ ਇਸ ਲਈ ਕੀਤਾ ਜਾਵੇਗਾ ਤਾਂ ਕਿ ਇਹ ਤੈਅ ਕੀਤਾ ਜਾ ਸਕੇ ਕਿ ਰੀਜਨ ਨੂੰ ਉੱਥੇ ਹੀ ਰੱਖਿਆ ਜਾਵੇ ਜਿੱਥੇ ਹੁਣ ਹੈ ਜਾਂ ਵੱਖਰੇ ਪੱਧਰ ਉੱਤੇ ਲਿਜਾਇਆ ਜਾਵੇ।

# ਸਪਲਾਈ ਉਪਲਬਧ ਹੋਣ ਉੱਤੇ ਪੀਲ, ਟੋਰਾਂਟੋ ਵਿੱਚ ਖੁੱਲ੍ਹਣਗੇ ਵੈਕਸੀਨੇਸ਼ਨ ਕਲੀਨਿਕ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਵੈਕਸੀਨੇਸ਼ਨ ਤੇਜ਼ ਕਰਨ ਲਈ ਪੀਲ ਰੀਜਨ ਵੱਲੋਂ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਇੱਕ ਵਾਰੀ ਵੈਕਸੀਨ ਸਪਲਾਈ ਉਪਲਬਧ ਹੋਣ ਤੋਂ ਬਾਅਦ ਰੀਜਨ ਵਿੱਚ ਤਿੰਨ ਮਾਸ ਵੈਕਸੀਨੇਸ਼ਨ ਕਲੀਨਿਕਸ ਖੋਲ੍ਹੇ ਜਾਣਗੇ।

ਮਿਸੀਸਾਗਾ ਵਿੱਚ ਪੈਰਾਮਾਊਂਟ ਫਾਈਨ ਫੂਡਜ਼ ਸੈਂਟਰ ਆਪਣੀ ਪੂਰੀ ਸਮਰੱਥਾ ਦੌਰਾਨ ਇੱਕ ਘੰਟੇ ਦੇ ਅੰਦਰ 600 ਲੋਕਾਂ ਨੂੰ ਵੈਕਸੀਨੇਟ ਕਰਨ ਦੇ ਸਮਰੱਥ ਹੋਵੇਗਾ। ਬਰੈਂਪਟਨ ਵਿੱਚ ਬਰੈਂਪਟਨ ਸੌਕਰ ਸੈਂਟਰ ਵਿੱਚ ਇੱਕ ਘੰਟੇ ਦੇ ਅੰਦਰ 500 ਲੋਕਾਂ ਨੂੰ ਵੈਕਸੀਨੇਟ ਕਰਨ ਦੀ ਸਮਰੱਥਾ ਹੋਵੇਗੀ। ਤੀਜਾ ਕਲੀਨਿਕ ਕੇਲਡਨ ਵਿੱਚ ਕੇਲਡਨ ਈਸਟ ਕਮਿਊਨਿਟੀ ਕਾਂਪਲੈਕਸ ਵਿੱਚ ਕਾਇਮ ਕੀਤਾ ਗਿਆ ਹੈ। ਪੀਲ ਦੇ ਮਾਸ ਵੈਕਸੀਨੇਸ਼ਨ ਪਲੈਨ ਦੇ ਹਿੱਸੇ ਵਜੋਂ ਓਨਟਾਰੀਓ ਦੇ ਪੜਾਅਵਾਰ ਵੈਕਸੀਨ ਸ਼ਡਿਊਲ ਮੁਤਾਬਕ ਇਨ੍ਹਾਂ ਤਿੰਨ ਕਲੀਨਿਕਸ ਵਿੱਚ ਅਗਲੇ



ਪ੍ਰਾਇਓਰਿਟੀ ਗਰੁੱਪ ਦਾ ਟੀਕਾਕਰਣ ਕੀਤਾ ਜਾਵੇਗਾ। ਅਗਲੇ ਪ੍ਰਾਇਓਰਿਟੀ ਗਰੁੱਪ ਵਿੱਚ 80 ਸਾਲ ਤੋਂ ਵੱਧ ਦੀ ਉਮਰ ਦੇ ਲੋਕ, ਰਿਟਾਇਰਮੈਂਟ ਹੋਮਜ਼ ਦਾ ਸਟਾਫ ਤੇ ਰੈਜ਼ੀਡੈਂਟਸ, ਹਾਇ ਪ੍ਰਾਇਓਰਿਟੀ ਹੈਲਥ ਕੇਅਰ ਵਰਕਰਜ਼, ਮੂਲਵਾਸੀ ਬਾਲਗ ਤੇ ਕ੍ਰੌਨਿਕ ਹੋਮ ਕੇਅਰ ਰੈਸੀਪੀਐਂਟਸ ਸ਼ਾਮਲ ਹੋਣਗੇ।

ਅਜੇ ਤੱਕ ਕਿਸੇ ਦੀ ਕੋਈ ਅਪੁਆਇੰਟਮੈਂਟ ਬੁੱਕ ਨਹੀਂ ਕੀਤੀ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਪੀਲ ਅਧਿਕਾਰੀਆਂ ਵੱਲੋਂ ਹੋਰ ਅਪਡੇਟਸ ਮੁਹੱਈਆ ਕਰਵਾਏ ਜਾਣਗੇ।

# 35ਵੀਂ ਮੰਜ਼ਿਲ ਤੋਂ ਸ਼ਰਾਬ ਦੀਆਂ ਬੋਤਲਾਂ ਹੇਠਾਂ ਸੁੱਟਣ ਵਾਲੇ 3 ਵਿਅਕਤੀ ਗ੍ਰਿਫਤਾਰ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਦੀ 35ਵੀਂ ਮੰਜ਼ਿਲ ਦੀ ਬਾਲਕਨੀ ਵਿੱਚੋਂ ਸ਼ਰਾਬ ਦੀਆਂ ਬੋਤਲਾਂ ਹੇਠਾਂ ਸੁੱਟਣ ਵਾਲੇ ਤਿੰਨ ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਪੁਲਿਸ ਨੂੰ ਦੁਪਹਿਰੇ 2:30 ਵਜੇ ਲੇਕ ਸ਼ੋਰ ਬੋਲੀਵੀਆਰਡ ਤੇ ਯੌਰਕ ਸਟਰੀਟ ਦੇ ਲਾਂਘੇ ਉੱਤੇ ਇਹ ਦੱਸ ਕੇ ਸੱਦਿਆ ਗਿਆ ਕਿ ਕੁੱਝ ਲੋਕ ਪਾਰਟੀ ਕਰਨ ਤੋਂ ਬਾਅਦ ਸ਼ਰਾਬ ਦੀਆਂ ਬੋਤਲਾਂ ਹੇਠਾਂ ਸੁੱਟ ਰਹੇ ਹਨ। ਮੌਕੇ ਉੱਤੇ ਪਹੁੰਚ ਕੇ ਪੁਲਿਸ ਨੇ ਵੇਖਿਆ ਕਿ ਬੋਤਲਾਂ ਯੌਰਕ ਸਟਰੀਟ ਉੱਤੇ ਸੁੱਟੀਆਂ ਜਾ ਰਹੀਆਂ ਸਨ। ਅੰਤਰਿਮ ਪੁਲਿਸ



ਚੀਫ ਜੇਮਜ਼ ਰੈਮਰ ਵੱਲੋਂ ਕੀਤੇ ਗਏ ਟਵੀਟ ਅਨੁਸਾਰ ਜ਼ਮੀਨ ਉੱਤੇ ਮੌਜੂਦ ਪੁਲਿਸ ਅਧਿਕਾਰੀ ਵੀ ਸੱਟ ਖਾਣ ਤੋਂ ਮਸ੍ਹਾਂ ਬਚੇ।

ਫਿਰ ਪੁਲਿਸ 35ਵੀਂ ਮੰਜ਼ਿਲ ਉੱਤੇ ਸਥਿਤ ਕੌਂਡੋ ਪਹੁੰਚੀ ਤੇ 14 ਵਿਅਕਤੀਆਂ ਨੂੰ ਗੈਰਕਾਨੂੰਨੀ ਤੌਰ ਉੱਤੇ ਇੱਕਠੇ ਹੋਣ ਲਈ ਜੁਰਮਾਨਾ ਕੀਤਾ। ਕੁੱਝ ਪਲ ਬਾਅਦ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

# ਸੁਨੀਲ ਜਾਖੜ ਦੇ ਬਿਆਨ ਨਾਲ ਕੈਪਟਨ ਅਮਰਿੰਦਰ ਵੱਲੋਂ ਅਗਵਾਈ ਬਾਰੇਨਵਾਂ ਵਿਵਾਦ ਛਿੜਿਆ

* ਸਮਸ਼ੇਰ ਸਿੰਘ ਦੂਲੋ ਨੇ ਪਾਰਟੀ ਲੀਡਰਸ਼ਿਪ ਉੱਤੇ ਸਵਾਲ ਚੁੱਕੇ * ਪ੍ਰਗਟ ਸਿੰਘ ਦਾ ਬਿਆਨ ਵੀ ਚਰਚਾ ਦਾ ਮੁੱਦਾ ਬਣਿਆ

ਚੰਡੀਗੜ੍ਹ, 25 ਫਰਵਰੀ, (ਪੋਸਟ ਬਿਊਰੋ)- ਪੰਜਾਬ ਤੋਂ ਕਾਂਗਰਸ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਬਿਆਨ ਉੱਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਜਾਖੜ ਨੇ ਕਿਹਾ ਸੀ ਕਿ 2022ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਅਮਰਿੰਦਰ ਸਿੰਘ ਦੀ ਅਗਵਾਈਵਿੱਚ ਲੜੀਆਂ ਜਾਣਗੀਆਂ।

ਇਸ ਬਿਆਨ ਦੇ ਵਿਰੋਧਵਿੱਚਅੱਜ ਸ਼ਮਸ਼ੇਰ ਸਿੰਘ ਦੂਲੋ ਨੇ ਸੁਨੀਲ ਜਾਖੜ ਉੱਤੇ ਨਿਸ਼ਾਨੇ ਲਾਉਂਦੇ ਹੋਏ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਐਲਾਨਣ ਵਾਲੇ ਜਾਖੜ ਨੇ ਕੀ ਖੁਦ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਖੁਦ ਨਿਯੁਕਤ ਕੀਤਾ ਜਾਂ ਹਾਈ ਕਮਾਨ ਨੇ ਕੀਤਾ ਸੀ? ਜਾਖੜ ਨੂੰ ਹਾਈਕਮਾਨ ਦੇ ਅਧਿਕਾਰ ਖੇਤਰ ਵਿਚ ਦਖਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਵਰਗੇ ਕਈ ਸੀਨੀਅਰ ਨੇਤਾ ਲਾਂਭੇ ਰੱਖੇ ਹਨ, ਉਹ ਕਿਸੇ ਹੋਰ ਨੂੰ ਉੱਠਣ ਨਹੀਂ ਦੇਣਗੇ। ਦੂਲੋ ਨੇ ਕਿਹਾ ਕਿ ਸਿੱਧੂਸੁਲਝਿਆ ਨੇਤਾ ਹੈ ਤੇ ਭਵਿੱਖ ਦਾ ਫ਼ੈਸਲਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਸ਼ਰਾਬ ਮਾਫੀਆ ਸਮੇਤ ਕੋਈ ਮਾਫੀਆ ਰੋਕ ਨਹੀਂ ਕਰ ਸਕੀ। ਦੂਲੋ ਨੇ ਕਿਹਾ ਕਿਸਾਲ



2017 ਵਿੱਚ ਲੰਬਾ-ਚੌੜਾ ਚੋਣ ਮੈਨੀਫੈਸਟੋ ਬਣਿਆ ਸੀ, ਜਿਸ ਦੇ ਵਾਅਦੇ ਪੂਰੇ ਨਹੀਂ ਹੋਏ ਤਾਂਜਨਤਾ ਇਨ੍ਹਾਂ ਦਾ ਜਵਾਬ ਮੰਗੇਗੀ। ਜੇ ਨਗਰ ਨਿਗਮ ਚੋਣਾਂ ਦੇ ਭਰੋਸੇ ਵਿਧਾਨਸਭਾ ਚੋਣ ਲੜਨੀਆਂ ਹਨ ਤਾਂ ਪੰਜਾਬ ਵਿੱਚ ਲੀਡਰਸ਼ਿਪ ਨੂੰ ਸਮਝਣਾ ਚਾਹੀਦਾ ਹੈ ਕਿ ਨਗਰ ਨਿਗਮ ਚੋਣਾਂ ਵਿਚ ਸਰਕਾਰੀ ਮਸ਼ੀਨਰੀ ਦੀ ਵਰਤੋਂ ਵੀ ਹੁੰਦੀ ਹੈ।

ਦੂਸਰੇ ਪਾਸੇ ਕਾਂਗਰਸ ਵਿਧਾਇਕ ਪਰਗਟ ਸਿੰਘ ਨੇਫਿਰ ਬਿਆਨ ਦੇ ਕੇ ਕਾਂਗਰਸਦੇ ਵਿੱਚ ਹਲਚਲ ਮਚਾ ਦਿੱਤੀ ਹੈ। ਉਨ੍ਹਾਂ ਕਿਹਾ ਕਿ 2022ਵਿੱਚ ਲੋਕ ਕਾਂਗਰਸ ਨੂੰ ਵੋਟ ਦੇਂਦੇ ਵਕਤ ਸੋਚਣਗੇ ਕਿ ਇਸ ਦੀ ਪਰਫਾਰਮੈਂਸ ਓਨੀ ਚੰਗੀ ਨਹੀਂ, ਜਿੰਨੀ ਚਾਹੀਦੀ ਸੀ। ਉਨ੍ਹਾ ਕਿਹਾ ਕਿ 2017ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਉੱਤੇ ਲੋਕਾਂ ਨੇ ਵੋਟ ਪਾਈ ਸੀ, ਕਿਉਂਕਿ ਉਦੋਂ ਵਾਟਰ ਟਰਮੀਨੇਸ਼ਨ ਐਕਟ ਤੇ ਹੋਰ ਇਤਿਹਾਸਕ ਫੈਸਲਿਆਂ ਬਾਰੇ ਲੋਕਾਂਵਿੱਚ ਉਨ੍ਹਾਂ ਦਾ ਅਕਸ ਚੰਗਾ ਸੀ, ਪਰ ਅੱਜ ਸਰਕਾਰ ਦੀ ਪਰਫਾਰਮੈਂਸ ਚੰਗੀ ਨਹੀਂ। ਪਰਗਟ ਸਿੰਘ ਨੇ ਸੁਨੀਲ ਜਾਖੜ ਵੱਲੋਂ 2022ਵਿੱਚ ਕੈਪਟਨ ਦੀ ਅਗਵਾਈਵਿੱਚ ਚੋਣ ਲੜਨ ਦੇ ਐਲਾਨਬਾਰੇ ਕਿਹਾ ਕਿ 'ਮੇਰਾ ਮੰਨਣਾ ਹੈ ਕਿ ਇਹ ਫ਼ੈਸਲਾ ਪਾਰਟੀ ਹਾਈ ਕਮਾਨ ਨੂੰ ਕਰਨਾ ਚਾਹੀਦਾ ਹੈ। ਪਾਰਟੀ ਹਾਈ ਕਮਾਨ ਤੈਅ ਕਰੇ ਕਿ ਕਿਸ ਦੀ ਅਗਵਾਈਵਿੱਚ ਚੋਣ ਲੜੀ ਜਾਣੀ ਹੈ।'

ਪਰਗਟ ਸਿੰਘ ਵੱਲੋਂ ਸਵਾਲ ਉਠਾਉਣ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਹੀ ਦੱਸਿਆਤੇ ਕਿਹਾ ਕਿ ਇਹ ਸਹੀ ਹੈ ਕਿ ਕਾਂਗਰਸ ਵਿਧਾਇਕ ਪਾਰਟੀ(ਸੀਐੱਲਪੀ) ਦੀ ਬੈਠਕਵਿੱਚ ਪਾਰਟੀ ਆਗੂ ਦਾ ਨਾਂਅ ਤੈਅ ਹੁੰਦਾ ਤੇ ਪਾਰਟੀ ਹਾਈ ਕਮਾਨ ਉਸ ਉੱਤੇ ਮੋਹਰ ਲਾਉਂਦੀ ਹੈ, ਪਰ ਇਸ ਦੇ ਲਈ ਚੋਣ ਲੜਨੀ ਪੈਂਦੀ ਹੈ। ਚੋਣ-ਵਿੱਚ ਚਿਹਰਾ ਸਾਹਮਣੇ ਆਉਂਦਾ ਹੈ। ਜਾਖੜ ਨੇ ਕਿਹਾ ਕਿ ਉਨ੍ਹਾਂ ਇਹ ਕਦੇ ਨਹੀਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਹੋਣਗੇ, ਉਨ੍ਹਾਂ ਦਾ ਮਤਲਬ ਸੀ ਕਿ 2022 ਦੀ ਚੋਣ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈਵਿੱਚ ਲੜੀ ਜਾਵੇਗੀ।

# 2020 ਵਿੱਚ ਜਾਪਾਨ ਦੇ ਬਾਅਦ ਭਾਰਤ ਵਿੱਚ ਸਭ ਤੋਂ ਵੱਧ ਸਾਈਬਰ ਹਮਲੇ ਹੋਏ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਸਾਲ 2020 ਵਿਚ ਏਸ਼ੀਆ ਪੈਸੀਫਿਕ ਵਿਚ ਜਾਪਾਨ ਦੇ ਬਾਅਦ ਭਾਰਤ ਦੂਸਰਾ ਅਜਿਹਾ ਦੇਸ਼ ਸੀ, ਜਿਸ ਨੂੰ ਸਭ ਤੋਂ ਵੱਧ ਸਾਈਬਰ ਹਮਲਿਆਂ ਦਾ ਸਾਹਮਣਾ ਕਰਨਾ ਪਿਆ।

ਮਿਲੀ ਜਾਣਕਾਰੀ ਅਨੁਸਾਰ ਸਾਲ 2020 ਵਿਚ ਇਸ ਖੇਤਰ ਵਿਚ ਹੋਏ ਕੁੱਲ ਸਾਈਬਰ ਹਮਲਿਆਂ ਵਿੱਚੋਂ ਭਾਰਤ ਵਿਚ ਸੱਤ ਫੀਸਦੀ ਹਮਲੇ ਦਰਜ ਕੀਤੇ ਗਏ। ਆਈ ਬੀ ਐਮ ਸਕਿਓਰਟੀ ਵੱਲੋਂ ਜਾਰੀ ਕੀਤੀ 2021 ਐਕਸ-ਫੋਰਸ ਥ੍ਰੈਟ ਇੰਟੈਲੀਜੈਂਸ ਇੰਡੈਕਸ ਦੇ ਅਨੁਸਾਰ ਵਿੱਤ ਤੇ ਬੀਮਾ ਖੇਤਰ ਵਿੱਚ ਭਾਰਤ ਵਿਚ ਵੱਡੇ ਹਮਲੇ ਦਰਜ ਕੀਤੇ ਗਏ ਹਨ, ਜਦ ਕਿ ਇਸ ਦੇ ਬਾਅਦ ਮੈਨੂਫੈਕਚਰਿੰਗ ਅਤੇ ਪੇਸ਼ੇਵਰ ਸੇਵਾਵਾਂ ਵਿਚ ਸਾਈਬਰ ਹਮਲਿਆਂ ਦੀਆਂ ਸਭ ਤੋਂ ਵੱਧ ਘਟਨਾਵਾਂ ਹੋਈਆਂ ਹਨ। ਸਾਈਬਰ ਹਮਲਿਆਂ ਵਿੱਚੋਂ ਰੈਨਸਮਵੇਅਰ ਸਭ ਤੋਂ ਉਪਰ ਰਿਹਾ, ਜਿਸ ਤੋਂ ਲਗਭਗ ਚਾਲੀ ਫੀਸਦੀ ਹਮਲੇ ਹੋਏ। ਇਸ ਦੇ ਇਲਾਵਾ ਡਿਜੀਟਲ ਕਰੰਸੀ ਮਾਈਨਿੰਗ ਅਤੇ ਸਰਵਰ ਐਕਸੈਸ ਹਮਲਿਆਂ ਨੇ ਭਾਰਤੀ ਕੰਪਨੀਆਂ ਨੂੰ ਪਿਛਲੇ ਸਾਲ ਪ੍ਰਭਾਵਤ ਕੀਤਾ। ਆਈ ਬੀ ਐਮ ਟੈਕਨਾਲੋਜੀ ਸੇਲਸ, ਭਾਰਤ/ ਦੱਖਣੀ ਏਸ਼ੀਆ ਵਿੱਚ ਸਕਿਓਰਟੀ ਸਾਫਟਵੇਅਰ ਟੈਕਨੀਕਲ ਸੇਲਸ ਲੀਡਰ ਸੁਦੀਪ ਦਾਸ ਨੇ ਕਿਹਾ, ਅਸੀਂ ਸਾਈਬਰ ਅਪਰਾਧੀਆਂ ਨੂੰ ਰਾਹਤ ਦੇ ਯਤਨਾਂ ਅਤੇ ਜਨਤਕ ਸਿਹਤ ਬਾਰੇ ਸੂਚਨਾਵਾਂ ਦੀ ਵਰਤੋਂ ਕਰਦੇ ਦੇਖਿਆ ਹੈ, ਕਿਉਂਕਿ ਵੈਕਸੀਨ ਸਪਲਾਈ ਲੜੀ ਦੇ ਅਹਿਮ ਸਹਿਯੋਗੀਆਂ 'ਤੇ ਹਮਲਿਆਂ ਸਮੇਤ ਸਪੈਮ ਦੀ ਵੀ ਸੂਚਨਾ ਦਿੱਤੀ ਗਈ ਹੈ। ਇਹੀ ਸਾਰੇ 2021 ਵਿੱਚ ਵੀ ਮੁੱਦੇ ਬਣੇ ਰਹੇ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



REXDALE FINANCIAL SERVICES

WE HELP YOU START, GROW AND SUCCEED

We bring Canada's leading lenders to you

The Mortgage Centre

I direct mortgages Inc.

21 Roysun Rd, #6, Woodbridge, ON L4L 8R3

Ph: 905.652.3000 ext 467 | 905.652.300 ext 468

Each Mortgage center is independently owned and operated

Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!

- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!

1st & 2nd Mortgage Available

ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!

ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

Increase Your Cash Flow by up to 50%

YOU NEED A MORTGAGE? WE'LL ARANGE IT FOR YOU NO MATTER WHAT YOUR REASON IS!

Self Employed or Unemployed

Each Mortgage Centre is independently owned and operated

19 Woodbine Downs Blvd, #201, Etobicoke, ON M9W 6N5

Jaspal Singh Gahunia #M08006400

416.677.0047

## ਅੱਜ ਨਾਮਾ

ਨਿਕਲੀ ਚੋਣ ਪੰਜਾਬ ਦੀ ਬੜੀ ਮੁਸ਼ਕਲ,
ਭਾਜਪਾ ਵਾਲਿਆਂ ਦੇ ਉੱਖੜੇ ਪੈਰ ਮੀਆਂ।
ਆਇਆ ਜਦੋਂ ਨਤੀਜਾ ਤਾਂ ਸਮਝ ਆਈ,
ਉਲਟਾ ਪਿਆ ਕਿਸਾਨਾਂ ਨਾਲ ਵੈਰ ਮੀਆਂ।
ਯੂ ਪੀ ਵਿੱਚ ਪੰਚਾਇਤਾਂ ਦੀ ਚੋਣ ਆਈ,
ਲੱਭਦੀ ਓਥੇ ਨਹੀਂ ਜਾਪਦੀ ਖੈਰ ਮੀਆਂ।
ਹੋਇਆ ਭਾਜਪਾ ਦਾ ਪਿੰਡੀਂ ਵੜਨ ਔਖਾ,
ਸਮਝਣ ਲੱਗ ਪਏ ਲੋਕ ਆ ਗੈਰ ਮੀਆਂ।
ਤੁਰੀ ਸੀ ਵਿੱਚੋਂ ਪੰਜਾਬ ਦੇ ਖੇਡ ਜਿਹੜੀ,
ਵਧਦੀ ਅੱਗੇ ਤੋਂ ਅੱਗੇ ਉਹ ਜਾਏ ਮੀਆਂ।
ਜਿਨ੍ਹਾਂ ਰਾਜਾਂ ਵਿੱਚ ਹੋਣੀਆਂ ਜਲਦ ਚੋਣਾਂ,
ਆਗੂ ਓਥੇ ਵੀਫਿਰਨ ਘਬਰਾਏ ਮੀਆਂ।

**ਤੀਸ ਮਾਰ ਖਾਂ**

# ਭਾਰਤ ਸਰਕਾਰ ਵੱਲੋਂ ਸੋਸ਼ਲ ਮੀਡੀਆ, ਨਿਊਜ਼ ਵੈੱਬਸਾਈਟਾਂ ਤੇ ਓ ਟੀ ਟੀ ਖਿਲਾਫ ਸਖਤੀ ਸ਼ੁਰੂ

### * ਕਾਨੂੰਨ ਅਤੇ ਸੂਚਨਾ ਪਸਾਰ ਮੰਤਰਾਲਿਆਂ ਵੱਲੋਂ ਹਦਾਇਤਾਂ ਜਾਰੀ

ਨਵੀਂ ਦਿੱਲੀ, 25 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸੋਸ਼ਲ ਮੀਡੀਆ ਤੋਂ ਹੁੰਦੀ ਦੁਰਵਰਤੋਂ ਰੋਕਣ ਲਈ ਅੱਜ ਵੀਰਵਾਰ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿਚ ਸੋਸ਼ਲ ਮੀਡੀਆ ਕੰਪਨੀਆਂ ਨੂੰ ਇਸ ਦੇਸ਼ ਵਿੱਚ ਸ਼ਿਕਾਇਤ ਅਧਿਕਾਰੀ ਨਿਯੁਕਤ ਕਰਨਾ, ਸ਼ਰਾਰਤ ਪੂਰਨ ਸੂਚਨਾ ਸ਼ੁਰੂ ਕਰਨ ਵਾਲੇ ਪਹਿਲੇ ਵਿਅਕਤੀ ਬਾਰੇ ਦੱਸਣਾ ਅਤੇ ਅਸ਼ਲੀਲ ਸਮੱਗਰੀ ਅਤੇ ਔਰਤਾਂ ਦੀਆਂ ਤਸਵੀਰਾਂ ਨਾਲ ਛੇੜਖਾਨੀ ਆਦਿ ਨੂੰ 24 ਘੰਟੇ ਵਿੱਚ ਡਿਲੀਟ ਕਰਨ ਸਮੇਤ ਕਈ ਕੁਝ ਜ਼ਰੂਰੀ ਕਰ ਦਿੱਤਾ ਗਿਆ ਹੈ। ਇਹ ਸਭ ਡਿਸਿਪਲਿਨ ਦੇ ਨਾਂਅ ਉੱਤੇ ਕੀਤਾ ਗਿਆ ਹੈ।

ਸੂਚਨਾ ਟੈਕਨਾਲੋਜੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਐਲਾਨ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਦੀ ਵਾਰ-ਵਾਰ ਦੁਰਵਰਤੋਂ ਅਤੇ ਜਾਅਲੀ ਖਬਰਾਂ ਦੀ ਚਿੰਤਾ ਪ੍ਰਗਟ ਕੀਤੀ ਜਾਂਦੀ ਹੋਣ ਕਰ ਕੇ ਸਰਕਾਰ 'ਸਾਫਟ ਟੱਚ' ਰੈਗੂਲੇਸ਼ਨ ਲਿਆ ਰਹੀ ਹੈ। ਨਵੇਂ ਨਿਯਮਾਂ ਅਨੁਸਾਰ ਸੋਸ਼ਲ ਮੀਡੀਆ ਕੰਪਨੀਆਂ ਨੂੰ ਸ਼ਿਕਾਇਤ ਅਧਿਕਾਰੀਰੱਖਣਾ ਪਵੇਗਾ, ਜੋ 24 ਘੰਟੇ ਅੰਦਰ ਸ਼ਿਕਾਇਤ ਦਰਜ ਕਰੇਗਾ। ਸ਼ਿਕਾਇਤਾਂਹੱਲ ਕਰਨ ਵਾਲੇ ਅਧਿਕਾਰੀ ਦੀ ਰਿਹਾਇਸ਼ ਭਾਰਤ ਵਿਚ ਰੱਖਣੀ ਹੋਵੇਗੀ ਤੇ ਸੋਸ਼ਲ ਮੀਡੀਆ ਮੰਚਾਂ ਨੂੰ ਪਾਲਣਾ ਦੀ ਮਾਸਿਕ ਰਿਪੋਰਟ ਦੇਣੀ ਪਵੇਗੀ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਸਣੇਸਾਰੇ ਇੰਟਰਮੀਡਿਅਰੀਜ਼ ਨੂੰ ਆਪਣੇ ਯੂਜ਼ਰਸ, ਖਾਸਕਰ ਔਰਤਾਂ ਦੀ ਆਨਲਾਈਨ ਸੁਰੱਖਿਆ ਤੇ ਮਾਣ ਦਾ ਧਿਆਨ ਰੱਖਣਾ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸੇ ਦੀ ਪ੍ਰਾਈਵੇਸੀ ਖ਼ਤਮ ਕਰਨ ਦਾ ਕੰਟੈਂਟ, ਉਸ ਦਾ ਪੂਰਾ ਸਰੀਰ ਜਾਂ ਇਸ ਦਾ ਕੁਝ ਹਿੱਸਾ ਨਿਊਡ ਵਿਖਾਉਣ ਵਾਲਾ ਜਾਂ ਸੈਕਸੂਅਲ ਐਕਟਿਵਿਟੀ ਕਰਨ ਜਾਂ ਉਸ ਦੀਆਂ ਤਸਵੀਰਾਂ ਨਾਲ ਛੇੜਛਾੜ ਵਾਲਾ ਕੰਟੈਂਟ ਸ਼ਿਕਾਇਤ ਮਿਲਣ ਦੇ 24 ਘੰਟੇ ਵਿੱਚ ਹਟਾਉਣਾ ਪਵੇਗਾ।

ਕਾਨੂੰਨ ਮੰਤਰੀ ਨੇ ਕਿਹਾ ਕਿ ਸੋਸ਼ਲ ਮੀਡੀਆ ਯੂਜ਼ਰਜ਼ ਕਰੋੜਾਂ ਹਨ,ਇਸ ਦੇ ਗਲਤ ਵਰਤੋਂ ਉੱਤੇਯੂਜ਼ਰਜ਼ ਨੂੰ ਆਪਣੀ ਸ਼ਿਕਾਇਤ ਦੇ ਨਿਪਟਾਰੇ ਲਈ ਇੱਕ ਫੋਰਮ ਮਿਲੇ ਅਤੇ ਜੇ ਅਦਾਲਤ ਜਾਂ ਸਰਕਾਰੀ ਸੰਸਥਾ ਕਿਸੇ ਇਤਰਾਜ਼ ਯੋਗ, ਸ਼ਰਾਰਤੀ ਟਵੀਟ ਜਾਂ ਮੈਸੇਜ ਦੇ ਫਸਟ ਓਰੀਜੀਨੇਟਰ ਦੇ ਬਾਰੇ ਪੁੱਛੇ ਤਾਂ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਇਹ ਜਾਣਕਾਰੀ ਦੇਣੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਵਿਵਸਥਾ ਭਾਰਤ ਦੀ ਅਖੰਡਤਾ, ਏਕਤਾ ਅਤੇ ਸੁਰੱਖਿਆਵਾਲੇ ਮੁੱਦਿਆਂ, ਸਾਮਾਜਕ ਵਿਵਸਥਾ, ਦੂਸਰੇ ਦੇਸ਼ਾਂ ਨਾਲ ਸੰਬੰਧਾਂ, ਰੇਪ ਅਤੇ ਯੌਨ ਸ਼ੋਸ਼ਣ ਵਰਗੇ ਕੇਸਾਂਵਿੱਚਲਾਗੂ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਵੱਡੇ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਯੂਜ਼ਰਜ਼ ਦੇ ਅੰਕੜੇ



ਦੱਸਾਂਗੇ, ਪਰ ਸੋਸ਼ਲ ਮੀਡੀਆ ਨੂੰ ਸ਼ਿਕਾਇਤਾਂ ਦੇ ਨਿਪਟਾਰੇ ਦਾ ਮੈਕੇਨਿਜ਼ਮ ਬਣਾਉਣਾ,ਇੱਕ ਅਧਿਕਾਰੀ ਨਿਯੁਕਤੀ ਕਰ ਕੇ ਉਸ ਦਾ ਨਾਮ ਦੱਸਣਾ ਹੋਵੇਗਾ ਅਤੇ ਇਸ ਅਧਿਕਾਰੀ ਨੂੰ 24 ਘੰਟੇ ਵਿੱਚ ਸ਼ਿਕਾਇਤ ਦਰਜ ਕੇ 15 ਦਿਨ ਵਿੱਚ ਇਸਦਾ ਹੱਲ ਕਰਨਾ ਹੋਵੇਗਾ। ਯੂਜ਼ਰਜ਼ ਦੇ ਸਨਮਾਨ, ਖਾਸ ਕਰ ਕੇ ਔਰਤਾਂ ਬਾਰੇ, ਜੇ ਕਿਸੇ ਦੀ ਇਤਰਾਜ਼ਯੋਗ ਤਸਵੀਰ ਪੋਸਟ ਕੀਤੀ ਜਾਵੇ ਤਾਂ ਸ਼ਿਕਾਇਤ ਦੇ 24 ਘੰਟੇ ਅੰਦਰ ਕੰਟੈਂਟ ਡਿਲੀਟ ਕਰਨਾ ਹੋਵੇਗਾ।ਇਨ੍ਹਾਂ ਕੰਪਨੀਆਂ ਨੂੰ ਹਰ ਮਹੀਨੇ ਰਿਪੋਰਟ ਦੇਣੀ ਹੋਵੇਗੀ ਕਿ ਕਿੰਨੀਆਂ ਸ਼ਿਕਾਇਤਾਂ ਆਈਆਂ ਤੇ ਉਨ੍ਹਾਂ ਉੱਤੇ ਕੀ ਕਾਰਵਾਈ ਕੀਤੀ ਹੈ। ਜੇ ਕਿਸੇ ਸੋਸ਼ਲ ਮੀਡੀਆ ਯੂਜ਼ਰਜ਼ਦਾ ਕੰਟੈਂਟ ਹਟਾਉਣਾ ਹੈ ਤਾਂ ਉਸ ਨੂੰ ਅਜਿਹਾ ਕਰਨ ਦਾ ਕਾਰਨ ਦੱਸਣਾ ਹੋਵੇਗਾ ਅਤੇ ਅਗਲੀ ਧਿਰ ਦਾ ਪੱਖ ਵੀ ਸੁਣਨਾ ਹੋਵੇਗਾ।

ਕੇਂਦਰੀ ਮੰਤਰੀ ਨੇ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮ ਵਿਚਯੂਜ਼ਰਜ਼ ਦੇ ਰਜਿਸਟਰੇਸ਼ਨ ਵਾਸਤੇ ਵਾਲੈਂਟਰੀ ਵੈਰੀਫੀਕੇਸ਼ਨ ਮੈਕੇਨਿਜ਼ਮ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਓ ਟੀ ਟੀ ਅਤੇ ਡਿਜੀਟਲ ਨਿਊਜ਼ ਲਈ ਤਿੰਨ ਕਿਸਮ ਦਾ ਮੈਕੇਨਿਜ਼ਮ ਹੋਵੇਗਾ, ਜਿਸ ਵਿੱਚ ਇਨ੍ਹਾਂ ਸਭ ਨੂੰ ਆਪਣੀ ਸੂਚਨਾ ਦੇਣੀ ਹੋਵੇਗੀ, ਰਜਿਸਟਰੇਸ਼ਨ ਦੀ ਜ਼ਿੰਮੇਵਾਰੀ ਨਹੀਂ ਹੈ, ਲੇਕਿਨ ਜਾਣਕਾਰੀ ਜ਼ਰੂਰ ਦੇਣੀ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਦੇ ਨਿਪਟਾਰੇ ਵਾਲੇ ਸਿਸਟਮ ਨੂੰ ਸੈਲਫ ਰੇਗੂਲੇਸ਼ਨ ਬਾਡੀ ਬਣਾਉਣਾ ਹੋਵੇਗਾ ਅਤੇ ਇਸ ਨੂੰ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਰਿਟਾਇਰਡ ਜੱਜ ਜਾਂ ਫਿਰ ਇਸ ਪੱਧਰ ਦਾ ਕੋਈ ਵਿਅਕਤੀ ਲੀਡ ਕਰੇਗਾ। ਜੇ ਕਿਸੇ ਕੇਸਵਿੱਚ ਤੁਰੰਤ ਕਾਰਵਾਈ ਕਰਨ ਦੀ ਲੋੜ ਹੋਵੇ ਤਾਂ ਇਸ ਲਈ ਸਰਕਾਰ ਦੇ ਪੱਧਰ ਉੱਤੇਸਿਸਟਮ ਬਣਾਇਆ ਜਾਵੇਗਾ, ਜਿਹੜਾ ਏਦਾਂ ਦੇ ਕੇਸਾਂ ਨੂੰ ਵੇਖੇਗਾ। ਉਨ੍ਹਾਂ ਕਿਹਾ ਕਿ ਫਿਲਮਾਂ ਵਾਂਗ ਓ ਟੀ ਟੀ ਪਲੇਟਫਾਰਮ ਨੂੰ ਵੀ ਪ੍ਰੋਗਰਾਮ ਕੋਡ ਮੰਨਣੇ ਪੈਣਗੇ ਅਤੇ ਕੰਟੈਂਟ ਬਾਰੇ ਉਮਰ ਦੇ ਲਿਹਾਜ਼ ਨਾਲ ਕਲਾਸੀਫੀਕੇਸ਼ਨ ਕਰਨਾ ਹੋਵੇਗਾ ਕਿ ਕਿਹੜਾ ਕੰਟੈਂਟ ਕਿਸ ਉਮਰ ਦੇ ਗਰੁੱਪ ਲਈ ਠੀਕ ਹੈ। ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਅੱਜ ਜਾਰੀ ਕੀਤੇ ਦਿਸ਼ਾ-ਨਿਰਦੇਸ਼ ਸਾਰੇ ਨੋਟੀਫੀਕੇਸ਼ਨ ਜਾਰੀ ਹੁੰਦੇ ਸਾਰਲਾਗੂ ਹੋ ਜਾਣਗੇ। ਉਨ੍ਹਾ ਕਿਹਾ, ਸੋਸ਼ਲ ਮੀਡੀਆ ਦਾ ਸਵਾਗਤ ਹੈ, ਏਥੇ ਆਉਣ, ਵਪਾਰ ਕਰਨ, ਪੈਸਾ ਕਮਾਉਣ, ਭਾਰਤੀਆਂ ਨੂੰ ਮਜ਼ਬੂਤ ਕਰਨ, ਪਰ ਭਾਰਤ ਦੀ ਏਕਤਾ ਤੇ ਅਖੰਡਤਾ ਦਾ ਧਿਆਨ ਰੱਖਣਾ ਹੋਵੇਗਾ, ਇਸਵਿੱਚ ਡਬਲ ਸਟੈਂਡਰਡ ਨਹੀਂ ਹੋਣਾ ਚਾਹੀਦਾ ਹੈ। ਜੇ ਅਮਰੀਕਾ ਵਿੱਚ ਕੈਪੀਟਲ ਹਿਲਜ਼ ਉੱਤੇ ਹਮਲੇ ਵੇਲੇ ਪੁਲਸ ਕਾਰਵਾਈ ਦਾ ਸਮੱਰਥਨ ਕਰਦੇ ਹੋ ਤਾਂ ਭਾਰਤ ਵਿੱਚ ਲਾਲ ਕਿਲ੍ਹੇ ਉੱਤੇ ਹਿੰਸਕ ਘਟਨਾ ਹੋਈ ਤੋਂ ਡਬਲ ਸਟੈਂਡਰਡ ਕਿਉਂ ਅਪਣਾਉਂਦੇ ਹੋ!

### ਸਾਂਝੇ ਮੋਰਚੇ ਦੀ ਕਿਸਾਨਾਂ ਨੂੰ ਸਲਾਹ

# ਦਿੱਲੀ ਪੁਲਸ ਦਾ ਨੋਟਿਸ ਮਿਲੇ ਤਾਂ ਕਿਸੇ ਦੇ ਸਾਹਮਣੇ ਪੇਸ਼ ਨਹੀਂ ਹੋਣਾ

ਗਾਜ਼ੀਆਬਾਦ, 25 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖਿਲਾਫ ਕਿਸਾਨ ਸੰਘਰਸ਼ ਦੀ ਅਗਵਾਈ ਕਰ ਰਹੇਸੰਯੁਕਤ ਕਿਸਾਨ ਮੋਰਚੇ ਨੇ ਕਿਸਾਨਾਂ ਨੂੰ ਕਿਹਾ ਹੈ ਕਿ ਜੇ ਉਨ੍ਹਾਂ ਨੂੰ ਦਿੱਲੀ ਪੁਲਸ ਦਾਕੋਈ ਨੋਟਿਸ ਮਿਲੇ ਤਾਂ ਉਹ ਪੁਲਸ ਜਾਂ ਕਿਸੇ ਏਜੰਸੀ ਅੱਗੇ ਪੇਸ਼ ਨਾ ਹੋਣ, ਕਿਸਾਨ ਮੋਰਚੇ ਦੇ ਵਕੀਲਾਂ ਦਾ ਪੈਨਲ ਨੋਟਿਸ ਦਾ ਜਵਾਬ ਦੇਵੇਗਾ।

ਅੱਜ ਵੀਰਵਾਰ ਨੂੰ ਗਾਜ਼ੀਪੁਰ ਬਾਰਡਰ ਉੱਤੇ ਕਿਸਾਨ ਮੋਰਚੇ ਵੱਲੋਂਇੱਕ ਪ੍ਰੈੱਸ ਕਾਨਫਰੰਸ ਵਿੱਚ ਅੰਦੋਲਨ ਕਮੇਟੀ ਦੇ ਬੁਲਾਰੇ ਜਗਤਾਰ ਸਿੰਘ ਬਾਜਵਾ ਨੇ ਕੇਂਦਰ ਸਰਕਾਰ ਉੱਤੇ ਦੋਸ਼ ਲਾਇਆ ਕਿ ਅੰਦੋਲਨ ਖਤਮ ਕਰਨ ਲਈ ਤਾਨਾਸ਼ਾਹੀ ਢੰਗ ਅਪਣਾ ਰਹੀ ਹੈ ਤੇ ਕਿਸਾਨਾਂ ਨੂੰ ਨੋਟਿਸ ਭੇਜਣਾ ਇਸ ਦੀ ਨਿਸ਼ਾਨੀ ਹੈ। ਸਾਂਝੀਅੰਦੋਲਨ ਕਮੇਟੀ ਦੇ ਬੁਲਾਰੇ ਜਗਤਾਰ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਨੇ ਨੋਟਿਸ ਭੇਜਣ ਵਿਚ ਕਿਸੇ ਨੂੰ ਨਹੀਂ ਬਖਸ਼ਿਆ, ਕਿਸਾਨਾਂ, ਵਕੀਲਾਂ, ਔਰਤਾਂ ਅਤੇ ਬਜ਼ੁਰਗਾਂ ਤੋਂ ਲੈ ਕੇ ਪੱਤਰਕਾਰਾਂ ਤਕ ਨੂੰ ਨੋਟਿਸ ਕੱਢੇ ਹਨ। ਉਨ੍ਹਾਂ ਕਿਹਾ ਕਿ



ਇਕ ਔਰਤ ਨੂੰ ਸਿਰਫ ਇਸ ਲਈ ਨੋਟਿਸ ਭੇਜ ਦਿੱਤਾਕਿ ਉਸ ਦੇ ਮੋਬਾਈਲ ਫੋਨ ਦੀ ਲੋਕੇਸ਼ਨ ਅੰਦੋਲਨ ਵਾਲੇ ਥਾਂ ਦੇ ਨੇੜੇ ਸੀ।ਅੰਦੋਲਨ ਕਮੇਟੀ ਨੇ ਕਿਸਾਨਾਂ ਨੂੰ ਕਿਹਾ ਕਿ 'ਜੇ ਨੋਟਿਸ ਲੈ ਕੇ ਪੁਲਸ ਤੁਹਾਡੇਕੋਲ ਜਾਵੇ ਤਾਂ ਗ੍ਰਿਫਤਾਰੀ ਨਾ ਦਿਉ, ਸਰਕਾਰੀ ਨੋਟਿਸ ਦਾ ਜਵਾਬ ਕਮੇਟੀ ਦੇ ਵਕੀਲ ਦੇਣਗੇ। ਪੁਲਸ ਜਾਂਚ ਲਈ ਸੱਦੇਤਾਂ ਸਿਰਫ ਵਕੀਲ ਨਾਲ ਜਾਇਉ।' ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੇ ਨਾਲ ਦੇਸ਼ ਦੀਆਂ ਟਰੇਡ ਯੂਨੀਅਨਾਂ ਵੀ ਜੁੜ ਸਕਦੀਆਂ ਹਨ। ਕਿਸਾਨ ਨੇਤਾ ਡੀ ਪੀ ਸਿੰਘ ਨੇ ਕਿਹਾ ਕਿ ਟਰੇਡ ਯੂਨੀਅਨਾਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ ਤੇ ਉਹ ਵੀ ਛੇਤੀ ਹੀ ਅੰਦੋਲਨ ਵਿਚ ਸ਼ਾਮਲ ਹੋ ਕੇ ਇਸ ਨੂੰ ਹੋਰ ਵਿਆਪਕ ਬਣਾਉਣਗੀਆਂ।

ਇਸ ਦੌਰਾਨ ਕਿਸਾਨ ਮੋਰਚੇ ਦੀ ਕਮੇਟੀ ਵਲੋਂ ਬਣਾਏ ਗਏ ਵਕੀਲਾਂ ਦੇ ਪੈਨਲ ਦੇ ਟੀਮ ਲੀਡਰ ਵਾਸੂ ਕੁਕਰੇਜਾ ਨੇ ਕਿਹਾ ਕਿ ਉਨ੍ਹਾਂ ਉੱਤੇ ਕਿਸਾਨਾਂ ਦੇ ਕੇਸ ਨਾ ਲੜਨ ਦਾ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕੇਸ ਲੜਨ ਤੋਂ ਵੀ ਰੋਕਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਤਕ ਗਾਜ਼ੀਪੁਰ ਬਾਰਡਰ ਉੱਤੇਕਰੀਬ ਸੌ ਨੋਟਿਸ ਮਿਲੇ ਹਨ, ਅੰਦੋਲਨ ਨਾਲ ਜੁੜੇ ਕੁਲ 1700 ਨੋਟਿਸ ਹਨ। ਕਿਸਾਨ ਨੇਤਾ ਡੀ ਪੀ ਸਿੰਘ ਨੇ ਦੱਸਿਆ ਕਿ ਫੌਜ ਦੇ ਕੁਝ ਜਵਾਨ ਛੁੱਟੀ ਕੱਟਣ ਲਈਘਰ ਆਏ ਤਾਂ ਉਨ੍ਹਾਂ ਨੂੰ ਕਿਸਾਨ ਅੰਦੋਲਨ ਵਿਚਲੇ ਆਪਣੇ ਜਾਣੂ ਲੋਕਾਂ ਨੂੰ ਮਿਲਣ ਤੋਂ ਰੋਕਿਆ ਗਿਆ ਹੈ।

# ਛੋਟੇ ਟਿਕੈਤ ਨੇ ਕਿਹਾ: ਕਿਸਾਨੀ ਮਸਲਾ ਰਾਜਨਾਥ ਹੱਲ ਕਰ ਸਕਦੈ

### * 'ਪਿੰਜਰੇ ਦੇ ਤੋਤੇ' ਨੂੰ ਆਜ਼ਾਦੀ ਮਿਲੇ ਤਾਂ ਗੱਲ ਬਣੇਗੀ : ਨਰੇਸ਼ ਟਿਕੈਤ

ਬਾਰਾਬੰਕੀ, 25 ਫਰਵਰੀ, (ਪੋਸਟ ਬਿਊਰੋ)- ਸੀਨੀਅਰ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਛੋਟੇ ਭਰਾ ਤੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਨਰੇਸ਼ ਟਿਕੈਤ ਨੇ ਕਿਹਾ ਹੈ ਕਿ ਕਿਸਾਨ ਛੇਤੀ ਹੀ ਮੁੱਖ ਮੰਤਰੀ ਆਦਿੱਤਿਆਨਾਥ ਯੋਗੀ ਦੇ ਗੜ੍ਹ ਪੂਰਵਾਂਚਲ (ਯੂ ਪੀ ਦਾ ਪੂਰਬੀ ਹਿੱਸਾ) ਵਿੱਚ ਅੰਦੋਲਨ ਕਰਨਗੇ।

ਵਰਨਣ ਯੋਗ ਹੈ ਕਿ ਇਹ ਭਾਜਪਾ ਅਤੇ ਖੁਦ ਮੁੱਖ ਮੰਤਰੀ ਆਦਿੱਤਿਆਨਾਥ ਲਈ ਔਖਾ ਵਕਤ ਹੈ। ਅਗਲੇ ਸਾਲ 2022 ਵਿੱਚ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਕਾਂਗਰਸ ਲਗਾਤਾਰ ਕਿਸਾਨ ਮਹਾਂਪੰਚਾਇਤਾਂ ਕਰ ਰਹੀ ਹੈ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਵੀ ਭਾਜਪਾ ਸਰਕਾਰ ਉੱਤੇ ਹਮਲਾ ਕਰ ਰਹੇ ਹਨ।

ਇਸ ਦੌਰਾਨ ਅੱਜ ਬਾਰਾਬੰਕੀ ਵਿੱਚ ਕਿਸਾਨਾਂ ਦੀ ਮਹਾਂਪੰਚਾਇਤ ਨੂੰ ਸੰਬੋਧਨ ਕਰਦੇ ਹੋਏਨਰੇਸ਼ ਟਿਕੈਤ ਨੇ ਕਿਹਾ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਕਿਸਾਨੀ ਮਸਲਾ ਹੱਲ ਖ਼ਤਮ ਕਰ ਸਕਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਰਾਜਨਾਥ ਸਿੰਘ ਨੂੰ ਨਰਿੰਦਰ ਮੋਦੀ ਸਰਕਾਰ ਨੇ 'ਪਿੰਜਰੇ ਦਾ ਤੋਤਾ' ਬਣਾ ਦਿੱਤਾ ਹੈ, ਜੇ ਸਰਕਾਰ ਰਾਜਨਾਥ ਸਿੰਘ ਨੂੰ ਗੱਲਬਾਤ ਦੀ ਖੁੱਲ੍ਹ ਦੇਵੇ ਤਾਂ ਸਾਡੀ ਗਰੰਟੀ ਹੈ ਕਿ ਮਸਲਾ ਹੱਲ ਹੋ ਜਾਵੇਗਾ ਅਤੇ ਭਾਜਪਾ ਦਾ ਅਕਸ



ਵੀ ਬਚ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਰਾਜਨਾਥ ਸਿੰਘ ਦਾ ਆਦਰ ਕਰਦੇ ਹਨ, ਪਰ ਮੋਦੀ ਸਰਕਾਰ ਉਨ੍ਹਾਂ ਨੂੰ ਮੌਕਾ ਨਹੀਂ ਦੇਂਦੀ, ਇਹ ਸਰਕਾਰ ਜ਼ਿੱਦੀ ਹੈ। ਛੋਟੇ ਟਿਕੈਤ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀ ਗੱਲ ਸੁਣਨੀ ਚਾਹੀਦੀ ਅਤੇ ਆਪਣਾ ਵਿਹਾਰ ਬਦਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹਿੰਦੂ ਅਤੇ ਮੁਸਲਿਮ ਮਿਲਜੁਲ ਕੇ ਰਹਿੰਦੇ ਸਨ ਅਤੇ ਕੋਈ ਕਿਸੇ ਦਾ ਵਿਰੋਧ ਨਹੀਂ ਕਰਦਾ ਸੀ, ਪਰ ਸਾਲ 2013 ਵਿੱਚ ਭਾਜਪਾ ਨੇ ਮੁਸਲਮਾਨਾਂ ਬਾਰੇ ਬਹੁਤ ਸਾਰੇ ਭਰਮ ਫੈਲਾ ਦਿੱਤੇ ਅਤੇ ਮੁਸਲਮਾਨਾਂ ਬਾਰੇ ਸਭ ਦੇ ਮਨਾਂ ਵਿਚ ਫੁੱਟ ਦੇ ਬੀਅ ਬੀਜ ਦਿੱਤੇ ਸਨ, ਪਰ ਅੱਜਕੱਲ੍ਹ ਲੋਕਾਂ ਨੂੰ ਭਾਜਪਾ ਦੀ ਚਾਲ ਸਮਝ ਵਿੱਚ ਆ ਗਈ ਹੈ।

## ਵਿਜੇ ਸਾਂਪਲਾ ਨੇ ਕੌਮੀ ਐੱਸ ਸੀ ਕਮਿਸ਼ਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕੱਲ੍ਹ ਅਨੁਸੂਚਿਤ ਜਾਤਾਂ (ਐਸ ਸੀ) ਵਾਸਤੇ ਰਾਸ਼ਟਰੀ ਕਮਿਸ਼ਨ ਦੇ ਚੇਅਰਮੈਨ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਕੇਂਦਰੀ ਸਮਾਜਿਕ ਨਿਆਂ ਤੇ ਅਧਿਕਾਰਤਾ ਰਾਜ ਮੰਤਰੀ ਕ੍ਰਿਸ਼ਨ ਪਾਲ ਗੁੱਜਰ, ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ ਅਤੇ ਪੰਜਾਬ ਦੇ ਸਾਬਕਾ ਮੰਤਰੀ ਤੀਕਸ਼ਣ ਸੂਦ ਤੋਂ ਇਲਾਵਾ ਪੰਜਾਬ ਭਾਜਪਾ ਦੇ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

ਆਪਣਾ ਨਵਾਂ ਅਹੁਦਾ ਸੰਭਾਲਣ ਦੇ ਬਾਅਦ ਸਾਬਕਾ ਕੇਂਦਰੀ ਸਮਾਜਿਕ ਨਿਆਂ ਤੇ ਅਧਿਕਾਰਤਾ ਰਾਜ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਦੀ ਗੱਲ ਹੈ ਤੇ ਉਹ ਆਪਣੀ ਨਵੀਂ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ। ਮੀਡੀਆ ਨਾਲ ਗੱਲਬਾਤ ਦੌਰਾਨ ਸਾਂਪਲਾ ਨੇ ਕਿਹਾ ਕਿ ਉਹ ਦਲਿਤ ਸਮਾਜ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਅਨੁਸੂਚਿਤ ਜਾਤਾਂ ਨੂੰ ਸਮਾਜ 'ਚ ਆਉਂਦੀਆਂ ਸਮੱਸਿਆਵਾਂ ਦਾ ਹੱਲ ਕਰਾਉਣਾ, ਦੂਜਾ ਕੇਂਦਰ/ਸੂਬਾ ਸਰਕਾਰਾਂ ਦੇ ਅਧੀਨ ਵਿਭਾਗਾਂ ਵਿੱਚ ਵੀ ਦਲਿਤਾਂ ਨੂੰ ਯਕੀਨੀ ਤੌਰ ਉੱਤੇ ਨਿਆਂ ਦਿਵਾਉਣਾ ਅਤੇ ਦਲਿਤਾਂ ਨਾਲ ਹੁੰਦੀ ਬੇਇਨਸਾਫ਼ੀ, ਸ਼ੋਸ਼ਣ ਤੇ ਹੋਰ ਮੁੱਦਿਆਂ ਦੇ ਹੱਲ

# ਟੂਲਕਿੱਟ ਮਾਮਲਾ : ਅਦਾਲਤ ਤੋਂ ਸ਼ਾਂਤਨੂੰ ਮੁਲੁਕ ਨੂੰ 9 ਮਾਰਚ ਤੱਕ ਗ੍ਰਿਫ਼ਤਾਰੀ ਤੋਂ ਰਾਹਤ ਮਿਲੀ

ਨਵੀਂ ਦਿੱਲੀ, 25 ਫਰਵਰੀ, (ਪੋਸਟ ਬਿਊਰੋ)- ਦਿੱਲੀ ਦੀ ਇਕ ਅਦਾਲਤ ਨੇ ਕਿਸਾਨ ਅੰਦੋਲਨ ਨਾਲ ਸੰਬੰਧਤ ਟੂਲਕਿੱਟ ਸੋਸ਼ਲ ਮੀਡੀਆ ਉੱਤੇਵਿਚਾਰ ਸ਼ੇਅਰ ਕਰਨ ਦੇ ਦੋਸ਼ੀ ਸ਼ਾਂਤਨੂੰ ਮੁਲੁਕ ਨੂੰ ਗ੍ਰਿਫ਼ਤਾਰੀ ਤੋਂ 9 ਮਾਰਚ ਤੱਕ ਛੋਟਦਿੱਤੀ ਹੈ। ਐਡੀਸ਼ਨਲ ਸੈਸ਼ਨ ਜੱਜ ਧਰਮੇਂਦਰ ਰਾਣਾ ਨੇ ਉਸ ਨੂੰ ਗ੍ਰਿਫ਼ਤਾਰੀ ਤੋਂਓਦੋਂਛੋਟ ਦਿੱਤੀ, ਜਦੋਂ ਦਿੱਲੀ ਪੁਲਸ ਨੇ ਕਿਹਾ ਕਿ ਉਸ ਨੂੰ ਮੁਲੁਕ ਦੀ ਅੰਤਰਿਮ ਜ਼ਮਾਨਤ ਪਟੀਸ਼ਨ ਉੱਤੇ ਵਿਸਥਾਰ ਨਾਲ ਜਵਾਬ ਦੇਣ ਲਈ ਪੁੱਛਗਿੱਛ ਦਾ ਸਮਾਂ ਚਾਹੀਦਾ ਹੈ। ਇਸ ਉੱਤੇ ਜੱਜ ਨੇ ਪੁਲਸ ਨੂੰ ਮੁਲੁਕ ਵਿਰੁੱਧ 9 ਮਾਰਚ ਤੱਕ ਕੋਈ ਕਾਰਵਾਈ ਨਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਕੇਸ ਦੀ ਅਗਲੀ ਸੁਣਵਾਈ 9 ਮਾਰਚ ਨੂੰ ਹੋਵੇਗੀ। ਵਰਨਣ ਯੋਗ ਹੈ ਕਿ ਸ਼ਾਂਤਨੂ ਮੁਲੁਕ, ਦਿਸ਼ਾ



ਰਵੀ ਤੇ ਨਿਕਿਤਾ ਜੈਕਬ ਵਿਰੁੱਧ ਦੇਸ਼-ਧ੍ਰੋਹ ਅਤੇ ਹੋਰ ਦੋਸ਼ਾਂ ਵਿੱਚਕੇਸ ਦਰਜ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਸ਼ਾਂਤਨੁਮ ਮੁਲੁਕ ਨੂੰ ਬੰਬਈ ਹਾਈ ਕੋਰਟ ਨੇ 16 ਫਰਵਰੀ ਨੂੰ 10 ਦਿਨਾਂ ਦੀ ਟਰਾਂਜ਼ਿਟ ਜ਼ਮਾਨਤ ਦਿੱਤੀ ਸੀ। ਉਸ ਦੇ ਬਾਅਦ ਵੀਡੀਓ ਕਾਨਫਰੰਸ ਰਾਹੀਂ ਬੁੱਧਵਾਰ ਨੂੰ ਹੋਈ ਸੁਣਵਾਈ ਦੌਰਾਨ ਅਦਾਲਤ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਸ਼ਾਂਤਨੂ ਮੁਲੁਕ ਨੂੰ 26 ਫਰਵਰੀ ਤੱਕ ਗ੍ਰਿਫ਼ਤਾਰੀ ਤੋਂ ਸੁਰੱਖਿਆ ਦਿੱਤੀ ਗਈ ਹੈ। ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਕੇਸ ਦੇ ਜਾਂਚ ਅਧਿਕਾਰੀ ਅੱਜ ਹਾਜ਼ਰ ਨਹੀਂ ਹਨ ਅਤੇ ਬਿਹਤਰ ਹੋਵੇਗਾ ਕਿ ਉਨਾਂ ਦੀ ਹਾਜ਼ਰੀ ਵਿੱਚ ਮਾਮਲੇ ਦੀ ਸੁਣਵਾਈ ਹੋਵੇ, ਜਿਸ ਤੋਂ ਬਾਅਦ ਸੁਣਵਾਈ ਮੁਲਤਵੀ ਕਰ ਦਿੱਤੀ ਗਈ।










# ਸੰਪਾਦਕੀ

## ਚੀਨੀ ਪੁਲੀਸ ਦਾ ਇੰਮੀਗਰੇਸ਼ਨ ਦਸਤਾਵੇਜ਼ਾਂ ਤੱਕ ਪੁੱਜਦਾ ਹੱਥ

ਬੇਸ਼ੱਕ ਜ਼ਿਆਦਾਤਰ ਕੈਨੇਡੀਅਨਾਂ ਲਈ ਇਹ ਗੱਲ ਹੈਰਾਨੀ ਭਰੀ ਹੋ ਸਕਦੀ ਹੈ ਪਰ ਸਾਡੀ ਫੈਡਰਲ ਸਰਕਾਰ ਨੂੰ ਇਸ ਸੋਮਵਾਰ ਤੱਕ ਇਸ ਗੱਲ ਦੀ ਭਿਣਕ ਤੱਕ ਨਹੀਂ ਸੀ ਕਿ ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਕੈਨੇਡੀਅਨ ਵੀਜ਼ਾ ਅਰਜ਼ੀਆਂ ਨੂੰ ਪ੍ਰਾਸੈਸ ਕਰਨ ਕਰਨ ਵਾਲੀ ਕੰਪਨੀ ਦੀ ਅਸਲੀ ਮਾਲਕ ਬੀਜਿੰਗ ਪੁਲੀਸ ਦੀ ਮਲਕੀਅਤ ਵਾਲੀ ਇੱਕ ਕੰਪਨੀ ਹੈ। ਇਹ ਭੇਦ ਉਸ ਵੇਲੇ ਉਜਾਗਰ ਹੋਇਆ ਜਦੋਂ ਇਸ ਹਫ਼ਤੇ ਪਾਰਲੀਮੈਂਟ ਦੀ ਸਿਟੀਜ਼ਨਸ਼ਿੱਪ ਅਤੇ ਇੰਮੀਗਰੇਸ਼ਨ ਕਮੇਟੀ ਸਾਹਮਣੇ ਪੇਸ਼ ਹੋਏ VFS Global ਦੀ ਕੈਨੇਡੀਅਨ ਬਰਾਂਚ ਦੇ ਚੀਫ ਅਪਰੇਟਿੰਗ ਅਫ਼ਸਰ ਜਿਤੇਨ ਵਿਆਸ ਨੇ ਇਸ ਹਕੀਕਤ ਨੂੰ ਕਬੂਲ ਕੀਤਾ। ਕੰਪਨੀ ਮੁਤਾਬਕ ਤਾਂ ਘਲੋਬਅਲ ਵੱਲੋਂ ਕਿਸੇ ਸਥਾਨਕ ਕੰਪਨੀ ਦੀ ਭਾਈਵਾਲੀ ਨਾਲ ਕੰਮ ਕਰਨਾ ਚੀਨ ਦੇ ਕਾਨੂੰਨ ਮੁਤਾਬਕ ਲਾਜ਼ਮੀ ਹੈ। ਦੂਜੇ ਪਾਸੇ ਕੈਨੇਡਾ ਦੀਆਂ ਸੇਵਾਵਾਂ ਅਤੇ ਖਰੀਦਦਾਰੀ ਲਈ ਜੁੰਮੇਵਾਰ ਮਹਿਕਮੇ Public Services and Procurement Canada ਦੇ ਬੁਲਾਰੇ ਅਨੁਸਾਰ ਕੈਨੇਡੀਅਨ ਅਧਿਕਾਰੀਆਂ ਨੂੰ VFS Global ਦੀ ਚੀਨ ਵਿੱਚ ਕਾਰਪੋਰੇਟ ਬਣਤਰ ਅਤੇ ਇਸਦੇ ਬੀਜਿੰਗ ਪਬਲਿਕ ਸਿਕਿਉਰਿਟੀ ਬਿਊਰੋ ਨਾਲ ਕਿਸੇ ਕਿਸਮ ਦੇ ਸਬੰਧਾਂ ਬਾਰੇ ਕੋਈ ਅਤਾ ਪਤਾ ਨਹੀਂ ਸੀ।

VFS Global ਹੈ ਕਿਸ ਬਲਾ ਦਾ ਨਾਮ? VFS Global ਦਾ ਦਾਅਵਾ ਹੈ ਕਿ ਉਹ ਵਿਸ਼ਵ ਭਰ ਵਿੱਚ ਸਰਕਾਰਾਂ ਅਤੇ ਡਿਪਲੋਮੈਟਿਕ ਮਿਸ਼ਨਾਂ ਨੂੰ ਵੀਜ਼ਾ ਸੇਵਾਵਾਂ ਅਤੇ ਤਕਨਾਲੋਜੀ ਪ੍ਰਦਾਨ ਕਰਨ ਵਾਲੀ ਸੱਭ ਤੋਂ ਵੱਡੀ ਕੰਪਨੀ ਹੈ। ਇਸ ਕੰਪਨੀ ਦੇ ਵਿਸ਼ਵ ਦੇ ਵੱਖ 2 ਹਿੱਸਿਆਂ ਵਿੱਚ 143 ਦੇਸ਼ਾਂ ਵਿੱਚ 3490 ਅਰਜ਼ੀ ਕੇਂਦਰ ਹਨ। ਇਸਦੇ ਕਾਰਜ ਖੇਤਰ ਦਾ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 2001 ਤੋਂ ਆਰੰਭ ਕਰਕੇ ਇਸਨੇ 22 ਕਰੋੜ 70 ਲੱਖ ਵੀਜ਼ਾ, ਪਾਸਪੋਰਟ ਅਰਜ਼ੀਆਂ ਅਤੇ 9 ਕਰੋੜ 92 ਲੱਖ ਲੋਕਾਂ ਦੇ ਹੱਥਾਂ ਦੇ ਨਿਸ਼ਾਨ ਪ੍ਰਾਪਤ ਕੀਤੇ ਹਨ। ਇੰਗਲੈਂਡ ਦੇ ਪ੍ਰਸਿੱਧ ਅਖ਼ਬਾਰ ਇੰਡੀਪੈਂਡੈਂਟ ਅਤੇ ਜਾਂਚ ਆਧਾਰਿਤ ਪਤੱਰਕਾਰੀ ਦੇ ਮੋਹਰੀ ਅਦਾਰੇ Finance Uncovered ਵੱਲੋਂ ਬੀਤੇ ਦਿਨੀਂ ਸਨਸਨੀਖੇਜ ਖੁਲਾਸੇ ਕੀਤੇ ਗਏ। ਇਹਨਾਂ ਮੁਤਾਬਕ VFS Global ਨੂੰ 2001 ਵਿੱਚ ਸਵਿਟਜ਼ਰਲੈਂਡ ਦੇ ਇੱਕ ਲਗਜ਼ਰੀ ਟਰੈਵਲ ਗਰੁੱਪ Kuoni ਨੇ ਆਪਣੀ ਬਰਾਂਚ ਵਜੋਂ ਸਥਾਪਿਤ ਕੀਤਾ ਸੀ। ਅਗਲੇ 20 ਸਾਲਾਂ ਵਿੱਚ ਇਹ ਕੰਪਨੀ ਭੇਦਭਰੇ ਢੰਗ ਨਾਲ ਢਾਈ ਬਿਲੀਅਨ ਅਮਰੀਕਨ ਡਾਲਰ ਦੀ ਕੰਪਨੀ ਬਣ ਚੁੱਕੀ ਹੈ। ਸ਼ੁਰੂਆਤ ਵਿੱਚ ਇਸਦਾ ਹੈੱਡਕੁਆਰਟਰ ਭਾਰਤ ਵਿੱਚ ਹੁੰਦਾ ਸੀ ਜੋ ਅੱਜ ਕੱਲ ਦੁਬਈ ਵਿੱਚ ਚਲਾ ਗਿਆ ਹੈ ਪਰ ਇਸਦੇ ਹੈਡਕੁਆਰਟਰ ਦੀਆਂ ਜੜਾਂ ਸਵਟਿਜ਼ਰਲੈਂਡ ਵਿੱਚ ਵੀ ਹਨ। ਤਾਂ ਘਲੋਬਅਲ ਦੀ ਪੇਰੈਂਟ ਕੰਪਨੀ VF Worldwide Holdings ਹੈ ਜਿਸਦਾ ਪਹਿਲਾਂ ਹੈਡਕੁਆਰਟਰ ਮਾਰੀਸ਼ਿਸ਼ਸ ਵਿੱਚ ਹੁੰਦਾ ਸੀ ਜਿਸਨੂੰ ਵਿਸ਼ਵ ਭਰ ਵਿੱਚ ਟੈਕਸ ਬਚਾਉਣ ਦੇ ਸਵਰਗ (tax haven) ਵਜੋਂ ਜਾਣਿਆ ਜਾਂਦਾ ਹੈ।

ਕੈਨੇਡੀਅਨ ਪਾਰਲੀਮੈਂਟ ਦੀ ਸਿਟੀਜ਼ਨਸ਼ਿੱਪ ਅਤੇ ਇੰਮੀਗਰੇਸ਼ਨ ਕਮੈਟੀ ਵਿੱਚ ਐਨ ਡੀ ਪੀ ਦੀ ਇੰਮੀਗਰੇਸ਼ਨ ਆਲੋਚਕ ਜੈਨੀ ਕਵਾਨ ਅਤੇ ਕੰਜ਼ਰਵੇਟਿਵ ਆਲੋਚਕ ਜਸਰਾਜ ਸਿੰਘ ਹੱਲਣ ਨੇ VFS ਅਧਿਕਾਰੀਆਂ ਕੋਲੋਂ ਵਾਰ 2 ਪੁੱਛਣਾ ਚਾਹਿਆ ਕਿ ਉਹਨਾਂ ਨੇ ਫੈਡਰਲ ਸਰਕਾਰ ਨੂੰ ਕੰਪਨੀ ਦੇ ਚੀਨੀ ਪੁਲੀਸ ਨਾਲ ਸਬੰਧਾਂ ਬਾਰੇ ਕਦੋਂ ਜਾਣਕਾਰੀ ਦਿੱਤੀ। ਕੰਪਨੀ ਅਧਿਕਾਰੀ ਅਜਿਹੇ ਨਿਕਲੇ ਕਿ ਉਹ ਕੋਈ ਸਿੱਧਾ ਜਵਾਬ ਦੇਣ ਦੀ ਥਾਂ ਵਾਰ ਵਾਰ ਸਿਰਫ਼ ਇਹ ਆਖਦੇ ਰਹੇ ਕਿ ਸਾਡੇ ਕੋਲ ਆਈ ਹਰ ਕਿਸਮ ਦੀ ਜਾਣਕਾਰੀ ਨੂੰ ਗੁਪਤ ਢੰਗ ਨਾਲ ਰੱਖਿਆ ਜਾਂਦਾ ਹੈ। ਵਰਨਣਯੋਗ ਹੈ ਕਿ 2009 ਤੋਂ 2019 ਦਰਮਿਆਨ ਕੈਨੇਡਾ ਸਰਕਾਰ ਨੇ VFS Global ਨੂੰ ਵੀਜ਼ਾ ਅਰਜ਼ੀਆਂ ਅਤੇ ਬਾਇਓਮੈਟਰਿਕਸ (ਹੱਥਾਂ ਅੱਖਾਂ ਦੇ ਨਿਸ਼ਾਨ) ਦੀਆਂ ਸੇਵਾਵਾਂ ਦੇਣ ਲਈ 18 ਕਰੋੜ 32 ਲੱਖ ਤੋਂ ਵੱਧ ($183,204,308) ਡਾਲਰ ਦਾ ਬਿਜਸਨ ਦਿੱਤਾ ਹੈ ਜੋ 200 ਮਿਲੀਅਨ ਡਾਲਰ ਦੇ ਕਰੀਬ ਬਣਦਾ ਹੈ।

ਸੁਆਲ ਕੰਪਨੀ ਦੇ ਚੀਨ ਵਿੱਚ ਪੁਲੀਸ ਨਾਲ ਸਬੰਧਾਂ ਤੱਕ ਸੀਮਤ ਨਹੀਂ ਸਗੋਂ ਕੈਨੇਡੀਅਨ ਸਿਸਟਮ ਦੀ ਪੁਖਤਗੀ ਅਤੇ ਭਰੋਸੇਯੋਗਤਾ ਦਾ ਹੈ। ਸੁਰੱਖਿਆ ਮਾਹਰਾਂ ਮੁਤਾਬਕ ਤਾਂ ਦੀ ਭਰੋਸੇਯੋਗਤਾ ਬਾਰੇ ਉੱਠਦੇ ਸ਼ੰਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੋਣੇ ਚਾਹੀਦੇ ਹਨ। The Canadian Security Intelligence Service (CSIS) ਦੇ ਸਾਬਕਾ ਡਾਇਰੈਕਟਰ ਵਾਰਡ ਈਲੌਕ ਦਾ ਬੀਤੇ ਦਿਨੀਂ ਆਇਆ ਬਿਆਨ ਗੌਰ ਮੰਗਦਾ ਹੈ। ਉਸਨੇ ਕਿਹਾ ਹੈ ਕਿ ਫੈਡਰਲ ਸਰਕਾਰ ਤੋਂ ਫੰਡ ਪ੍ਰਾਪਤ ਕਰਨ ਵਾਲੀ ਇਸ ਕੰਪਨੀ ਦੇ ਹੋਰ ਮੁਲਕਾਂ ਵਿੱਚ ਕੰਮਕਾਜ ਦੀ ਵਿਧੀ ਦਾ ਗਹੁ ਨਾਲ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਪ੍ਰਸਿੱਧ ਇੰਮੀਗਰੇਸ਼ਨ ਵਕੀਲ ਰਿਚਰਡ ਕੁਰਲੈਂਡ ਨੇ ਵੀ ਇਸ ਕੰਪਨੀ ਬਾਰੇ ਖਦਸ਼ਾ ਜਾਹਰ ਕੀਤਾ ਹੈ। ਉਸ ਅਨੁਸਾਰ ਜੇ ਕਿਸੇ ਕੈਨੇਡੀਅਨ ਨੇ VFS ਵਿਰੁੱਧ ਸ਼ਿਕਾਇਤ ਕਰਨੀ ਹੋਵੇ ਤਾਂ ਉਸਦੀ ਚਾਰਾਜੋਈ ਦਾ ਰੱਬ ਹੀ ਰਾਖਾ ਹੈ। ਕੁਰਲੈਂਡ ਨੂੰ ਡਰ ਹੈ ਕਿ ਬੇਸ਼ੱਕ ਸਰਕਾਰ ਦਾ VFS ਘਲੋਬਅਲ ਨਾਲ ਇਕਰਾਰਨਾਮਾ ਕੈਨੇਡਾ ਵਿੱਚ ਹੋਇਆ ਹੈ ਪਰ ਜਿਸ ਕੰਪਨੀ ਦੀਆਂ ਬਰਾਂਚਾ ਅਣਗਿਣਤ ਮੁਲਕਾਂ ਵਿੱਚ ਹਨ ਅਤੇ ਹੈਡਕੁਆਰਟਰ ਸਵਟਿਜ਼ਰਲੈਂਡ, ਦੁਬਈ ਆਦਿ ਵਿੱਚ ਖਿੱਲਰਿਆ ਹੋਇਆ ਹੈ, ਉਸਦਾ ਕੈਨੇਡੀਅਨ ਕਾਨੂੰਨ ਮੁਤਾਬਕ ਪਿੱਛਾ ਕਿਵੇਂ ਕੀਤਾ ਜਾ ਸਕੇਗਾ? ਚੰਗੀ ਗੱਲ ਹੈ ਕਿ ਮੀਡੀਆ ਵਿੱਚ ਉੱਠੇ ਤੁਫ਼ਾਨ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੰਮੀਗਰੇਸ਼ਨ ਮੰਤਰੀ ਨੂੰ ਕੈਨੇਡਾ ਵੀਜ਼ਾ ਅਰਜ਼ੀ ਸਿਸਟਮ ਨੂੰ ਸੁਧਾਰਨ ਦਾ ਸੁਝਾਅ ਦਿੱਤਾ ਹੈ ਪਰ ਲੋੜ ਸੁਝਾਵਾਂ ਤੋਂ ਅੱਗੇ ਵੱਧ ਕੇ ਕੁੱਝ ਠੋਸ ਕੀਤੇ ਜਾਣ ਦੀ ਹੈ।

## ਪਰਮਾਨੈਂਟ ਰੈਜ਼ੀਡੈਂਸੀ ਲਈ ਆਈਆਂ ਅਰਜ਼ੀਆਂ ਮਹਾਂਮਾਰੀ ਕਾਰਨ ਅਧਵਾਟੇ ਅਟਕੀਆਂ

...ਪੰਨਾ 1 ਦਾ ਬਾਕੀ

ਕੋਵਿਡ-19 ਕਾਰਨ ਟਰੈਵਲ ਉੱਤੇ ਲੱਗੀਆਂ ਪਾਬੰਦੀਆਂ ਕਾਰਨ ਉਸ ਦੇ ਪੀਆਰ ਸਟੇਟਸ ਨੂੰ ਲੈ ਕੇ ਅਸਥਿਰਤਾ ਬਣੀ ਹੋਈ ਹੈ। ਇਸ ਤੋਂ ਭਾਵ ਇਹ ਹੈ ਕਿ ਸੌਂਗ ਦਾ ਸਪਾਊਸ , ਜੋ ਕਿ ਇਸ ਸਮੇਂ ਚੀਨ ਵਿੱਚ ਹੈ,ਢੇਡ ਸਾਲ ਤੋਂ ਵੀ ਵੱਧ ਸਮੇਂ ਤੋਂ ਉਸ ਨੂੰ ਵੇਖ ਨਹੀਂ ਸਕੀ। ਸੌਂਗ ਨੇ ਦੱਸਿਆ ਕਿ ਉਸ ਦਾ ਸਪਾਊਸ ਜਨਵਰੀ ਵਿੱਚ ਵਿਜ਼ੀਟਰ ਵੀਜ਼ਾ ਉੱਤੇ ਆ ਗਿਆ ਸੀ ਤੇ ਅਜੇ ਉਸ ਦਾ ਵਰਕ ਵੀਜ਼ਾ ਪ੍ਰੋਸੈੱਸ ਹੋਣਾ ਬਾਕੀ ਹੈ ਪਰ ਉਸ ਨੂੰ ਬਿਊਰੋਕ੍ਰੈਟਿਕ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

19 ਸਾਲਾ ਜਸਕਰਣ ਸਿੰਘ ਪੜ੍ਹਾਈ ਕਰਨ ਲਈ ਕੈਨੇਡਾ ਆਇਆ ਸੀ। ਹੁਣ 24 ਸਾਲ ਦੀ ਉਮਰ ਵਿੱਚ ਉਹ ਸਰ੍ਹੀ, ਬੀਸੀ ਵਿੱਚ ਆਈਟੀ ਐਡਮਨਿਸਟ੍ਰੇਟਰ ਵਜੋਂ ਕੰਮ ਕਰਦਾ ਹੈ। ਉਹ ਵੀ ਸੌਂਗ ਵਾਂਗ ਪ੍ਰੋਵਿੰਸ਼ੀਅਲ ਪੱਧਰ ਉੱਤੇ ਨੌਮੀਨੇਟਿਡ ਪੀਆਰ ਐਪਲੀਕੈਂਟ ਹੈ। ਉਹ ਆਈਆਰਸੀਸੀ ਵੱਲੋਂ ਆਪਣੀ ਅਰਜ਼ੀ ਦੇ ਪ੍ਰੋਸੈੱਸ ਹੋਣ ਦੀ ਉਡੀਕ ਕੀਤਾ ਜਾ ਰਹੀ ਹੈ ਤੇ ਹੁਣ ਉਸ ਦਾ ਭਵਿੱਖ ਵਿੱਚ ਅਧਵਾਟੇ ਲਮਕ ਕੇ ਰਹਿ ਗਿਆ ਹੈ। ਉਸ ਨੇ ਦੱਸਿਆ ਕਿ ਉਹ ਆਪਣੀ ਸਥਿਤੀ ਦਾ ਪਤਾ ਲਾਉਣ ਲਈ ਕਈ ਵਾਰੀ ਆਈ ਆਰ ਸੀ ਸੀ ਨੂੰ ਫੋਨ ਵੀ ਕਰ ਚੁੱਕਿਆ ਹੈ ਪਰ ਉਹ ਸਟਾਫ ਨਾ ਹੋਣ ਦਾ ਬਹਾਨਾ ਲਾ ਕੇ ਟਾਲ ਦਿੰਦੇ ਹਨ। ਜਸਕਰਣ ਦੀ ਭੈਣ ਤੇ ਪਿਤਾ ਕੈਨੇਡਾ ਆ ਚੁੱਕੇ ਹਨ ਪਰ ਮਾਂ ਭਾਰਤ ਵਿੱਚ ਹੀ ਹੈ। ਮਹਾਮਾਰੀ ਦੀਆਂ ਪਾਬੰਦੀਆ ਕਾਰਨ ਉਹ ਚਾਰ ਸਾਲ ਤੱਕ ਆਪਣੀ ਮਾਂ ਨੂੰ ਨਹੀਂ ਮਿਲ ਸਕੇਗਾ। ਇਸ ਤਰ੍ਹਾਂ ਦੇ ਕਈ ਹੋਰ ਮਾਮਲੇ ਵੀ ਹਨ।

## ਬਾਰਡਰ ਉੱਤੇ ਫਾਇਰਿੰਗ ਰੋਕਣ ਲਈ ਭਾਰਤ-ਪਾਕਿ ਦੋਵੇਂ ਦੇਸ਼ ਰਾਜ਼ੀ

### * ਦੋਵੇਂ ਦੇਸ਼ਾਂ ਦੇ ਡੀ ਜੀ ਐੱਮ ਓ ਵਿਚਾਲੇ ਸਹਿਮਤੀ ਬਣੀ



ਨਵੀਂ ਦਿੱਲੀ, 25 ਫਰਵਰੀ, (ਪੋਸਟ ਬਿਊਰੋ)- ਭਾਰਤ ਅਤੇ ਪਾਕਿਸਤਾਨ ਵਿਚਾਲੇ ਕੰਟੋਰਲ ਰੇਖਾ (ਐੱਲਓਸੀ) ਸਮੇਤ ਬਾਰਡਰ ਦੇ ਸਾਰੇ ਸੈਕਟਰਾਂਵਿੱਚ ਲੰਬੇ ਸਮੇਂ ਤੋਂ ਹੁੰਦੀ ਜੰਗਬੰਦੀ ਉਲੰਘਣਾ ਨੂੰ ਰੋਕਣਨੂੰ ਦੋਵੇਂ ਦੇਸ਼ ਰਾਜ਼ੀ ਹੋ ਗਏ ਹਨ। ਲੰਮੇ ਸਮੇਂ ਪਿੱਛੋਂ ਦੋਵੇਂ ਦੇਸ਼ਾਂ ਦੇ ਫ਼ੌਜੀ ਡਾਇਰੈਕਟਰ ਜਨਰਲ (ਡੀ ਜੀ ਐੱਮ ਓ) ਦੀ ਆਪਸੀ ਗੱਲਬਾਤਵਿੱ-ਚਬਾਰਡਰ ਉੱਤੇ ਜੰਗਬੰਦੀ ਦੀ ਉਲੰਘਣਾ ਰੋਕਣਦੀ ਸਹਿਮਤੀ ਬਣੀ ਹੈ। ਇਸ ਪਿੱਛੋਂ ਭਾਰਤ-ਪਾਕਿ-ਸਤਾਨ ਦੋਵਾਂ ਨੇ ਅੱਜ ਵੀਰਵਾਰ ਸਾਂਝਾ ਬਿਆਨ ਜਾਰੀ ਕਰ ਕੇ ਜੰਗਬੰਦੀ ਸਮਝੌਤੇ ਦੀ ਸਖਤੀ ਨਾਲ ਪਾਲਣਾ ਕਰਨ ਦੀ ਗੱਲ ਕਹੀ। ਤਾਜ਼ਾ ਸਹਿਮਤੀ 24-25 ਫਰਵਰੀ ਦੀ ਦਰਮਿਆਨੀ ਰਾਤ ਤੋਂ ਲਾਗੂਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਗੰਭੀਰ ਉਤਰਾਅ-ਚੜ੍ਹਾਅ ਵਾਲੇ ਸੰਬੰਧਾਂ ਦੇ ਪੱਖ ਤੋਂ ਜੰਗਬੰਦੀ ਦੀ ਉਲੰਘਣਾ ਨਾ ਕਰਨਦੀ ਸਹਿਮਤੀ ਬਹੁਤ ਮਹੱਤਵਪੂਰਨ ਹੈ ਅਤੇ ਖਾਸ ਤੌਰ ਉੱਤੇ ਸਰਜੀਕਲ ਅਤੇ ਬਾਲਾਕੋਟ ਏਅਰ ਸਟਰਾਈਕ ਵਰਗੇ ਦੌਰ ਕੰਢੇ ਫਿਰ ਪੁੱਜ ਚੁੱਕੇ ਭਾਰਤ-ਪਾਕਿ ਸਬੰਧਾਂ ਦੇ ਤਾਜ਼ਾ ਦੌਰਵਿੱਚ ਜੰਗਬੰਦੀ ਸਮਝੌਤੇ ਦੀ ਪਾਲਣਾ ਕਰਨ ਦੀ ਰਜ਼ਾਮੰਦੀ ਦੋਵਾਂ ਦੇ ਰਿਸ਼ਤਿਆਂ ਨੂੰ ਲੀਹ ਉੱਤੇ ਲਿਆਉਣ ਦੇ ਯਤਨਾਂ ਦਾ ਸੰਕੇਤ ਹੈ।

ਬਾਰਡਰ ਉੱਤੇ ਦੋਵੇਂ ਪਾਸਿਓਂ ਗੋਲ਼ੀਬਾਰੀ ਰੋਕਣਵਾਲੀ ਰਜ਼ਾਮੰਦੀ ਬਾਰੇ ਫ਼ੌਜ ਵੱਲੋਂਦਿੱਤੇ ਬਿਆਨਵਿੱਚ ਦੋਵੇਂ ਡੀ ਜੀ ਐੱਮ ਓ ਵਿਚਾਲੇ ਹਾਟਲਾਈਨ ਉੱਤੇ ਹੋਈ ਗੱਲਬਾਤ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਡੀ ਜੀ ਐੱਮ ਓਵਿਚਾਲੇਰੈਗੂਲਰ ਪ੍ਰਬੰਧਾਂ ਹੇਠ ਹਾਟਲਾਈਨ ਰਾਹੀਂ ਹੋਈ ਗੱਲਬਾਤਵਿੱਚ ਕੰਟਰੋਲ ਰੇਖਾ ਅਤੇ ਹੋਰ ਸਾਰੇ ਖੇਤਰਾਂਵਿੱਚ ਆਜ਼ਾਦੀ, ਬੇਬਾਕ ਤੇ ਸੁਹਿਰਦ ਵਾਤਾਵਰਨਵਿੱਚ ਮੌਜੂਦਾ ਹਾਲਾਤਾਂ ਦੀ ਸਮੀਖਿਆ ਕੀਤੀ ਗਈ ਤੇਬਾਰਡਰ ਉੱਤੇ ਸ਼ਾਂਤੀ ਲਈ ਆਪਸੀ ਤੌਰ ਉੱਤੇ ਲਾਹੇਵੰਦ ਅਤੇ ਪੱਕੀ ਸ਼ਾਂਤੀ ਲਈ ਦੋਵੇਂ ਡੀ ਜੀ ਐੱਮ ਓ ਨੇ ਚਰਚਾ ਕੀਤੀ। ਬਿਆਨਵਿੱਚ ਦੋਵੇਂ ਦੇਸ਼ਾਂ ਦੇ ਅਫਸਰਾਂ ਨੇ ਸਾਰੇ ਆਪਸੀ ਸਮਝੌਤਿਆਂ, ਸਮਝ ਤੇ ਕੰਟਰੋਲ ਰੇਖਾ ਉੱਤੇ ਜੰਗਬੰਦੀ ਦੀ ਸਖਤੀ ਨਾਲ ਪਾਲਣਾ ਲਈ 24-25 ਫਰਵਰੀ 2021 ਦੀ ਵਿਚਲੀ ਰਾਤ ਤੋਂ ਕੰਟਰੋਲ ਰੇਖਾ ਤੇ ਹੋਰ ਸਾਰੇ ਖੇਤਰਾਂਵਿੱਚ ਗੋਲ਼ੀਬਾਰੀ ਨਾ ਕਰਨਦੀ ਰਜ਼ਾਮੰਦੀ ਪ੍ਰਗਟਾਈ ਹੈ। ਜੰਗਬੰਦੀ ਉੱਤੇ ਅਮਲ ਬਾਰੇ ਇਸ ਤਾਜ਼ਾ ਰਜ਼ਾਮੰਦੀ ਦੇ ਸੰਬੰਧਵਿੱਚ ਪਾਕਿਸਤਾਨੀ ਫ਼ੌਜ ਨੇ ਵੀ ਇਸਲਾਮਾਬਾਦਵਿੱਚਏਦਾਂ ਦਾ ਬਿਆਨ ਜਾਰੀ ਕੀਤਾ ਹੈ। ਇਸ ਪਹਿਲ ਨੂੰ ਅਗੇ ਵਧਾਉਣਵਿੱਚ ਅੜਿੱਕੇ ਤੋਂ ਬਚਣ ਲਈ ਦੋਵੇਂ ਡੀ ਜੀ ਐੱਮ ਓ ਨੇ ਦੁਹਰਾਇਆ ਕਿ ਕਿਸੇ ਅਣਕਿਆਸੇ ਹਾਲਾਤ ਜਾਂ ਗ਼ਲਤ ਫਹਿਮੀ ਦਾ ਹੱਲ ਕੱਢਣ ਲਈ ਹਾਟਲਾਈਨ ਸੰਪਰਕ ਅਤੇ ਬਾਰਡਰ ਫਲੈਗ ਮੀਟਿੰਗ ਦੇ ਸਿਸਟਮ ਦੀ ਵਰਤੋਂ ਕੀਤੀ ਜਾਵੇਗੀ।

ਭਾਰਤ ਤੇ ਪਾਕਿਸਤਾਨ ਵਿਚਾਲੇ ਬਾਰਡਰ ਉੱਤੇ ਸ਼ਾਂਤੀ ਰੱਖਣ ਲਈ 2003 ਤੋਂ ਜੰਗਬੰਦੀ ਸਮਝੌਤਾ ਲਾਗੂ ਹੈ, ਪਰ ਪਾਕਿ-ਸਤਾਨ ਵੱਲੋਂਅੱਤਵਾਦ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਕਾਰਨ ਇਸ ਦੀ ਪਾਲਣਾ ਘੱਟ ਹੋਈ ਹੈ। ਪਿਛਲੇ ਕੁਝ ਸਾਲਾਂ ਤੋਂ ਜੰਗਬੰਦੀ ਉਲੰਘਣਾ ਤੇ ਵੱਡੀ ਹਿੰਸਕ ਗੋਲ਼ੀਬਾਰੀ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਸੀ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permited in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮੁਖ਼ਤਾਰ ਅੰਸਾਰੀ ਕੇਸ ਵਿੱਚ ਯੂ ਪੀ ਸਰਕਾਰ ਸੁਪਰੀਮ ਕੋਰਟ ਪਹੁੰਚੀ



ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਵਿੱਚ ਕਿਹਾ ਕਿ ਪੰਜਾਬ ਸਰਕਾਰ ਗੈਂਗਸਟਰ ਤੋਂ ਸਿਆਸੀ ਆਗੂ ਬਣੇ ਮੁਖ਼ਤਾਰ ਅੰਸਾਰੀ ਦਾ ਬੇਸ਼ਰਮੀ ਨਾਲ ਬਚਾਅ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਮੁਖ਼ਤਾਰ ਫਰੌਤੀ ਦੇ ਇੱਕ ਕੇਸ ਵਿੱਚ ਰੂਪਨਗਰ ਦੀ ਜ਼ਿਲ੍ਹਾ ਜੇਲ ਵਿੱਚ ਬੰਦ ਹੈ। ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਆਰ ਐਸ ਰੈਡੀ ਦੀ ਬੈਂਚ ਨੇ ਪੰਜਾਬ ਸਰਕਾਰ ਵੱਲੋਂ ਕੱਲ੍ਹ ਪੇਸ਼ ਹੋਏ ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ ਦੀ ਰਿਪੋਰਟ ਦਾ ਨੋਟਿਸ ਲਿਆ, ਜਿਸ ਵਿੱਚ ਉਨ੍ਹਾਂ ਨੇ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਸੁਣਵਾਈ ਮੁਲਤਵੀ ਕਰਨ ਦੀ ਅਪੀਲ ਕੀਤੀ ਸੀ।ਉਤਰ ਪ੍ਰਦੇਸ਼ ਵੱਲੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮੇਹਤਾ ਨੇ ਕਿਹਾ ਕਿ ਉਨ੍ਹਾਂ ਨੂੰ ਦਵੇ ਦੇ ਕਹੇ ਉੱਤੇ ਸੁਣਵਾਈ ਮੁਲਤਵੀ ਕਰਨ ਦੀ ਪਟੀਸ਼ਨ 'ਤੇ ਕੋਈ ਨਾਰਾਜ਼ਗੀ ਨਹੀਂ ਹੈ। ਅੰਸਾਰੀ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੇ ਕਿਹਾ ਕਿ ਮੁਖ਼ਤਾਰ ਅੰਸਾਰੀ ਇੱਕ 'ਮਾਮੂਲੀ ਵਿਅਕਤੀ' ਹੈ, ਜਿਸ ਨੂੰ ਉੱਤਰ ਪ੍ਰਦੇਸ਼ ਦੇ ਤਾਕਤਵਰ ਲੋਕਾਂ ਨੇ ਘੇਰ ਲਿਆ ਹੈ।ਇਸ ਉੱਤੇ ਤੁਸ਼ਾਂਰ ਮਹਿਤਾ ਨੇ ਕਿਹਾ ਕਿ ਇਹ ਕਿਹੋ ਜਿਹਾ ਮਾਮੂਲੀ ਵਿਅਕਤੀ ਹੈ, ਜਿਸ ਨੂੰ ਪੰਜਾਬ ਸਰਕਾਰ ਸ਼ਰਮਨਾਕ ਤਰੀਕੇ ਨਾਲ ਬਚਾ ਰਹੀ ਹੈ।

ਸੁਪਰੀਮ ਕੋਰਟ ਨੇ ਮਾਮਲੇ ਦੀ ਸੁਣਵਾਈ ਨੂੰ ਦੋ ਮਾਰਚ ਤੱਕ ਮੁਲਤਵੀ ਕਰ ਦਿੱਤਾ ਹੈ।ਅਦਾਲਤ ਉਤਰ ਪ੍ਰਦੇਸ਼ ਵੱਲੋਂ ਦਾਇਰ ਇੱਕ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਚ ਪੰਜਾਬ ਰਾਜ ਅਤੇ ਰੂਪਨਗਰ ਜੇਲ੍ਹ ਅਧਿਕਾਰੀਆਂ ਨੂੰ ਮੁਖਤਾਰ ਅੰਸਾਰੀ ਨੂੰ ਜ਼ਿਲ੍ਹਾ ਜੇਲ੍ਹ ਬਾਂਦਾ ਨੂੰ ਸੌਂਪਣ ਦੇ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਸੀ। ਇਸ ਪਟੀਸ਼ਨ 'ਚ ਫਰੌਤੀ ਦੇ ਕੇਸ ਦੇ ਸਬੰਧ 'ਚ ਪੰਜਾਬ 'ਚ ਚੱਲਦੀ ਅਪਰਾਧਕ ਕਾਰਵਾਈ ਅਤੇ ਸੁਣਵਾਈ ਨੂੰ ਇਲਾਹਾਬਾਦ ਵਾਲੀ ਵਿਸ਼ੇਸ਼ ਅਦਾਲਤ 'ਚ ਦਾਖ਼ਲ ਐਫੀਡੇਵਿਟ 'ਚ ਪੰਜਾਬ ਸਰਕਾਰ ਨੇ ਅੰਸਾਰੀ ਦੀ ਸਿਹਤ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਨਵਰੀ 2019 ਤੋਂ ਉਸ ਦਾ ਜੇਲ੍ਹ ਦੇ ਹਸਪਤਾਲ ਅਤੇ ਹੋਰ ਥਾਈਂ ਇਲਾਜ ਚੱਲ ਰਿਹਾ ਹੈ।ਅੰਸਾਰੀ ਦੀ ਸਿਹਤ ਅਤੇ ਡਾਕਟਰਾਂ ਦੇ ਸੁਝਾਅ ਦਾ ਹਵਾਲਾ ਦਿੰਦੇ ਹੋਏ ਉਸ ਨੇ ਕਿਹਾ ਕਿ ਅੰਸਾਰੀ ਨੂੰ ਸਮੇਂ-ਸਮੇਂ 'ਤੇ ਮੈਡੀਕਲ ਅਧਿਕਾਰੀਆਂ/ਮੈਡੀਕਲ ਬੋਰਡਾਂ/ਮਾਹਰਾਂ ਦੀ ਵਿਸ਼ੇਸ਼ ਸਲਾਹ ਕਾਰਨ ਉਤਰ ਪ੍ਰਦੇਸ਼ ਨੂੰ ਨਹੀਂ ਸੌਂਪਿਆ ਜਾ ਸਕਦਾ।

## ਬੱਚਿਆਂ ਦੇ ਸ਼ੋਸ਼ਣ ਬਾਰੇ ਕੰਟੈਂਟ ਉਤੇ ਫੇਸਬੁਕ ਨੇ ਨਿਯਮ ਸਖਤ ਕੀਤੇ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਫੇਸਬੁਕ ਨੇ ਆਪਣੇ ਪਲੇਟਫਾਰਮ ਉੱਤੇ ਬੱਚਿਆਂ ਦਾ ਸ਼ੋਸ਼ਣ ਰੋਕਣ ਲਈ ਨਿਯਮ ਸਖਤ ਕੀਤੇ ਹਨ ਅਤੇ ਅਜਿਹੇ ਕੰਟੈਂਟ ਦਾ ਪਤਾ ਲਾਉਣ ਦੀ ਸਮਰੱਥਾ ਵਿੱਚ ਸੁਧਾਰ ਕਰਨ ਅਤੇ ਇਨ੍ਹਾਂ ਦੇ ਪ੍ਰਸਾਰ ਨੂੰ ਰੋਕਣ ਦੇ ਲਈ ਟੂਲਸ ਅਪਡੇਟ ਕੀਤੇ ਗਏ ਹਨ।

ਪਤਾ ਲੱਗਾ ਹੈ ਕਿ ਫੇਸਬੁਕ ਨੇ ਆਪਣੇ ਪਲੇਟਫਾਰਮ ਉੱਤੇ ਬੱਚਿਆਂ ਦੇ ਸ਼ੋਸ਼ਣ ਬਾਰੇ ਕੰਟੈਂਟ ਦੇ ਪ੍ਰਸਾਰ ਬਾਰੇ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਹੈ। ਫੇਸਬੁਕ ਨੇ ਕਿਹਾ ਕਿ ਬੱਚਿਆਂ ਨੂੰ ਨੁਕਸਾਨ ਪੁਚਾਉਣ ਲਈ ਪਲੇਟਫਾਰਮ ਦੀ ਵਰਤੋਂਹਰ ਹਾਲ ਵਿੱਚ ਨਾ ਮਨਜ਼ੂਰ ਹੈ, ਅਸੀਂ ਆਪਣੇ ਡਿਟੈਕਸ਼ਨ ਅਤੇ ਰਿਪੋਰਟਿੰਗ ਟੂਲਸ ਅਪਡੇਟ ਕੀਤੇ ਹਨ। ਇਸ ਸਬੰਧ ਵਿੱਚ ਫੇਸਬੁਕ ਦੋ ਟੂਲਸ ਉਤੇ ਕੰਮ ਕਰ ਰਿਹਾ ਹੈ। ਪਹਿਲੇ ਟੂਲ ਤੋਂ ਅਜਿਹਾ ਕੁਝ ਸਰਚ ਕਰਨ ਉਤੇ ਯੂਜ਼ਰ ਨੂੰ ਚਿਤਾਵਨੀ ਵਾਲਾ ਟਾਪ-ਅਪ ਮੈਸੇਜ ਮਿਲੇਗਾ। ਦੂਸਰੇ ਟੂਲ ਦੀ ਮਦਦ ਨਾਲ ਏਦਾਂ ਦਾ ਕੰਟੈਂਟ ਸ਼ੇਅਰ ਕਰਨ ਵਾਲਿਆਂ ਨੂੰ ਚਿਤਾਵਨੀ ਮਿਲੇਗੀ ਕਿ ਇਹ ਪਾਲਿਸੀ ਦੇ ਖਿਲਾਫ ਹੈ ਅਤੇ ਇਸ ਤੋਂ ਉਨ੍ਹਾਂ ਲਈ ਕਾਨੂੰਨੀ ਸਮੱਸਿਆਵਾਂ ਹੋ ਸਕਦੀਆਂ ਹਨ। ਅਜਿਹੇ ਕੰਟੈਂਟ ਨੂੰ ਉਤਸ਼ਾਹ ਦੇਣ ਵਾਲੇ ਫੇਸਬੁਕ ਪ੍ਰੋਫਾਈਲ, ਪੇਜ਼, ਗਰੁੱਪ ਅਤੇ ਇੰਸਟਾਗ੍ਰਾਮ ਅਕਾਊਂਟ ਹਟਾ ਦਿੱਤੇ ਜਾਣਗੇ।

ਫੇਸਬੁਕ ਨੇ ਵਾਅਦਾ ਕੀਤਾ ਹੈ ਕਿ ਉਹ ਅਗਲੇ ਤਿੰਨ ਸਾਲਾਂ ਵਿੱਚ ਨਿਊਜ਼ ਇੰਡਸਟਰੀ ਵਿੱਚ ਇੱਕ ਅਰਬ ਡਾਲਰ ਦਾ ਨਿਵੇਸ਼ ਕਰੇਗਾ। ਖਬਰਾਂ ਦੇ ਭੁਗਤਾਨ ਨੂੰ ਲੈ ਕੇ ਆਸਟਰੇਲੀਆ ਦੇ ਨਾਲ ਪੈਦਾ ਹੋਏ ਵਿਵਾਦ ਦੇ ਬਾਅਦ ਇਸ ਅਮਰੀਕੀ ਇੰਟਰਨੈਟ ਮੀਡੀਆ ਨੇ ਇਹ ਐਲਾਨ ਕੀਤਾ ਹੈ। ਫੇਸਬੁਕ ਨੇ ਦੱਸਿਆ ਕਿ ਉਹ 2018 ਤੋਂ ਨਿਊਜ਼ ਇੰਡਸਟਰੀ ਵਿੱਚ 60 ਕਰੋੜ ਡਾਲਰ ਦਾ ਨਿਵੇਸ਼ ਕਰ ਚੁੱਕਾ ਹੈ।

## ਪਾਕਿ ਨੂੰ ਝਟਕਾ: ਐੱਫ ਏ ਟੀ ਐੱਫ ਨੇ ਪਾਕਿ ਨੂੰ ਫਿਰ ਗ੍ਰੇਅ ਲਿਸਟ ਵਿੱਚ ਰੱਖਿਆ

### * ਪਾਕਿ ਫੌਜ ਨੇ ਤਾਲਿਬਾਨ ਅੱਤਵਾਦੀ ਭਜਾਇਆ ਵੀ ਮੰਨਿਆ




ਇਸਲਾਮਾਬਾਦ, 25 ਫਰਵਰੀ, (ਪੋਸਟ ਬਿਊਰੋ)- ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਅੱਜ ਪੈਰਿਸਵਿੱਚ ਹੋਈ ਆਨਲਾਈਨ ਮੀਟਿੰਗਵਿੱਚ ਪਾਕਿਸਤਾਨ ਨੂੰ ਗ੍ਰੇਅ ਲਿਸਟਵਿੱਚ ਰੱਖਣ ਉੱਤੇ ਫਿਰ ਮੋਹਰ ਲੱਗ ਗਈ ਹੈ। ਅੱਜ ਵੀਰਵਾਰ ਸ਼ਾਮ ਜਾਰੀ ਕੀਤੇ ਬਿਆਨਵਿੱਚਐੱਫ ਏ ਟੀ ਐੱਫ ਨੇ ਦੱਸਿਆ ਕਿ ਪਾਕਿਸਤਾਨੀ ਸਰਕਾਰ ਅੱਤਵਾਦ ਵਿਰੁੱਧ 27 ਸੂਤਰੀ ਏਜੰਡੇਵਿੱਚੋਂ ਤਿੰਨਾਂ ਨੂੰ ਪੂਰਾ ਨਹੀਂ ਕਰ ਸਕੀ। ਐੱਫ ਏ ਟੀ ਐੱਫ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਨੇ ਯੂ ਐੱਨ ਦੇ ਪਾਬੰਦੀਸ਼ੁਦਾ ਅੱਤਵਾਦੀ ਵਿਰੁੱਧ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ।

ਇਸ ਮਾਮਲੇ ਵਿੱਚ ਐੱਫ ਏ ਟੀ ਐੱਫ ਦਾ ਕਹਿਣਾ ਹੈ ਕਿ ਪਾਕਿਸਤਾਨ ਨੂੰ ਸਾਰੇ ਅੱਤਵਾਦੀਆਂ ਵਿਰੁੱਧ ਮਾਇਕ ਪਾਬੰਦੀਆਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਅਤੇ ਰਣਨੀਤਕ ਪੱਖ ਤੋਂ ਅਹਿਮ ਕਮਜ਼ੋਰੀਆਂ ਦੂਰ ਕਰਨ ਲਈ ਆਪਣੀ ਕਾਰਜ ਯੋਜਨਾਵਿੱਚ ਤਿੰਨ ਨੁਕਤੇ ਲਾਗੂ ਕਰਨਦਾ ਕੰਮ ਜਾਰੀ ਰੱਖਣਾ ਚਾਹੀਦਾ ਹੈ। ਐੱਫ ਏ ਟੀ ਐੱਫ ਨੇ ਕਿਹਾ ਕਿ ਪਾਕਿਸਤਾਨ ਨੇ ਅਜੇ ਤੱਕ ਸਾਡੇ ਦੱਸੇ 27 ਕੰਮ ਵਿੱਚੋਂ ਸਿਰਫ 24 ਕੀਤੇ ਹਨ, ਇਸ ਬਾਰੇਸੀਮਾ ਖਤਮ ਹੋ ਗਈ ਹੈ, ਇਸ ਲਈ ਐੱਫ ਏ ਟੀ ਐੱਫ ਜੂਨ 2021 ਤੱਕ ਪਾਕਿਸਤਾਨ ਨੂੰ ਬਾਕੀ ਕੰਮ ਕਰਨ ਦੀ ਅਪੀਲ ਕਰਦਾ ਹੈ।

ਦੂਸਰੇ ਪਾਸੇ ਪਾਕਿਸਤਾਨੀ ਫੌਜ ਦਾ ਅੱਤਵਾਦ ਪੱਖੀ ਨਵਾਂ ਖੁਲਾਸਾ ਹੋਇਆ ਹੈ। ਪਾਕਿਫੌਜ ਦੇ ਅਫਸਰਾਂ ਨੇ ਸਾਲ 2012ਵਿੱਚ ਮਲਾਲਾ ਯੁਸੁਫਜ਼ਈ ਉੱਤੇ ਹਮਲੇ ਦੀ ਸਾਜਿਸ਼ ਰਚਣ ਵਾਲੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਦਾ ਅੱਤਵਾਦੀ ਭਜਾ ਦਿੱਤਾ ਸੀ। ਪਾਕਿ ਫੌਜ ਦੀ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ਦੇ ਚੀਫ ਮੇਜਰ ਜਨਰਲ ਬਾਬਰ ਇਫਤਿਖਾਰ ਦੇ ਬਿਆਨਤੋਂ ਇਹ ਪੁਸ਼ਟੀ ਹੋਈ ਹੈ। ਉਨ੍ਹਾਂ ਕਿਹਾ ਕਿ ਤਹਿਰੀਕ-ਏ-ਤਾਲਿਬਾਨ ਪਾਕਿ-ਸਤਾਨ ਦੇ ਸਾਬਕਾ ਬੁਲਾਰੇ ਅਹਿਸਾਨੁੱਲਾ ਅਹਿਸਾਨ ਦੇ ਪਿਛਲੇ ਸਾਲ ਫੌਜ ਦੀ ਹਿਰਾਸਤਤੋਂ ਭੱਜਣ ਲਈ ਜ਼ਿੰਮੇਵਾਰ ਖੁਫੀਆ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਸਾਲ 2017ਵਿੱਚ ਗ੍ਰਿਫਤਾਰ ਕੀਤਾ ਅਹਿਸਾਨ ਜਨਵਰੀ 2020ਵਿੱਚਸੇਫ ਹਾਊਸ ਤੋਂ ਫਰਾਰ ਹੋ ਗਿਆ ਸੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਵਿਆਹ ਨਾਲ ਸਬੰਧਿਤ ਰੀਤੀ ਰਿਵਾਜ

ਰਵਨਜੋਤ ਕੌਰ ਸਿੱਧੂ ਰਾਵੀ



ਵਿਅਕਤੀ ਜੀਵਨ ਨਾਲ ਸਬੰਧਿਤ ਅਜਿਹਾ ਕੋਈ ਮੌਕਾ ਨਹੀਂ ਜਦੋਂ ਕੋਈ ਰਸਮ ਨਾ ਕੀਤੀ ਜਾਂਦੀ ਹੋਵੇ। ਵਿਅਕਤੀ ਜੀਵਨ ਦੀਆਂ ਤਿੰਨ ਅਵਸਥਾਵਾਂ ਪ੍ਰਮੁੱਖ ਮੰਨੀਆਂ ਜਾਂਦੀਆਂ ਹਨ। ਜਨਮ ਵਿਆਹ ਅਤੇ ਮੌਤ,ਪਰ ਅੱਜ ਅਸੀ ਵਿਆਹ ਨਾਲ ਸਬੰਧਿਤ ਰਸਮਾਂ ਦੀ ਗੱਲ ਕਰਾਂਗੇ।ਵਿਆਹ ਵਿੱਚ ਅਨੇਕਾਂ ਰਸਮਾਂ ਦਾ ਪਾਲਣ ਕੀਤਾ ਜਾਂਦਾ ਹੈ।

ਵਿਆਹ ਹੈ ਕੀ :-ਵਿਆਹ ਇੱਕ ਅਜਿਹੀ ਸਮਾਜਿਕ ਸੰਸਕ੍ਰਿਤਕ ਸੰਸਥਾ ਹੈ ਜਿਹੜੀ ਔਰਤ-ਮਰਦ ਨੂੰ ਸਮਾਜਿਕ ਨਿਯਮਾਂ ਅਧੀਨ ਕਾਮ ਸੰਤੁਸ਼ਟੀ ਦੀ ਪ੍ਰਵਾਨਗੀ ਵੀ ਦਿੰਦੀ ਹੈ ਅਤੇ ਮਨੁੱਖ ਵਿਅਕਤੀਤਵ ਦੇ ਜੈਵਿਕ,ਮਨੋਵਿਗਿਆਨਿਕ, ਅਧਿਆਤਮਿਕ ਅਤੇ ਨੈਤਿਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਦੀ ਹੋਈ ਪਰਿਵਾਰ ਵਿੱਚ ਵਿਅਕਤੀ ਦੇ ਸਾਂਸਕ੍ਰਿਤਿਕ, ਸਮਾਜਿਕ ਅਤੇ ਆਰਥਿਕ ਅਧਿਕਾਰਾਂ ਦਾ ਨਿਰਧਾਰਨ ਕਰਦਿਆਂ ਉਸਦੀ ਜ਼ੰਮੇਵਾਰੀ ਵੀ ਨਿਸ਼ਚਿਤ ਕਰਦੀ ਹੈ। ਇਸ ਸੰਸਥਾ ਰਾਹੀਂ ਹੀ ਮਨੁੱਖ ਮਾਂ, ਪਿਉ, ਧੀ ਭੈਣ, ਭਰਾ ਤੇ ਪੁੱਤ ਆਦਿ ਦੇ ਰਿਸ਼ਤੇ ਵਿੱਚ ਬੱਝਦਾ ਹੋਇਆ ਦੁਨੀਆ ਵਿੱਚ ਸਤਿਕਾਰਿਤ ਸਥਾਨ ਪ੍ਰਾਪਤ ਕਰਦਾ ਹੈ। ਵਿਆਹ ਦੋ ਪਰਿਵਾਰ ਨੂੰ ਅਜਿਹੇ ਰੂਪ ਵਿੱਚ ਬੰਨ ਦਿੰਦੀ ਹੈ, ਜਿਸ ਦੁਆਰਾ ਉਹ ਇੱਕ ਦੂਜੇ ਨਾਲ ਸਹਾਇਕ ਦਾ ਕੰਮ ਕਰਦੇ ਹਨ।ਐਡਵਰਡ ਵੈਸਟਰ ਮਾਰਕ ਅਨੁਸਾਰ 'ਵਿਆਹ ਇੱਕ ਜਾਂ ਇੱਕ ਤੋਂ ਵੱਧ ਮਰਦਾਂ ਅਤੇ ਔਰਤਾਂ ਵਿੱਚ ਸਥਾਪਿਤ ਸੰਬੰਧਿਤ ਹੈ, ਜਿਸਨੂੰ ਕਾਨੂੰਨ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ,ਜਿਸ ਵਿੱਚ ਵਿਆਹ ਨਾਲ ਸੰਬੰਧਿਤ ਦੋਹਾਂ ਪੱਖਾਂ ਅਤੇ ਉਹਨਾਂ ਦੀ ਪੈਦਾ ਹੋਣ ਵਾਲੀ ਸੰਤਾਨ ਦੇ ਅਧਿਕਾਰ ਤੇ ਕਰਤੱਵ ਜੁੜੇ ਹੁੰਦੇ ਹਨ। ਵਿਆਹ ਮਨੁੱਖੀ ਨੈਤਿਕਤਾ ਅਤੇ ਦੇਸ਼ ਦੀ ਤਾਕਤ ਦਾ ਸੋਮਾ ਹੈ।

ਵਿਆਹ ਦੀ ਪਹਿਲੀ ਰਸਮ ਹੈ "ਵਰ ਤੇ ਕੰਨਿਆ ਲੱਭਣਾ -ਵਿਆਹ ਵਿੱਚ ਸਭ ਤੋ ਅਹਿਮ ਕਾਰਜ ਵਰ / ਕੰਨਿਆ ਦੀ ਚੋਣ ਹੁੰਦਾ ਹੈ। ਇਹ ਸਭ ਤੋ ਔਖਾ ਕੰਮ ਹੈ ਕਿਉਕਿ ਕੁੜੀ ਮੁੰਡੇ ਦੇ ਹਾਣ ਦਾ ਰਿਸ਼ਤਾ ਲੱਭਣਾ,ਪਰਿਵਾਰਕ ਤੰਦਾਂ ਦਾ ਮਿਲਣਾ। ਰਿਸ਼ਤਾ ਕਰਣ ਵੇਲੇ ਆਮ ਤੌਰ ਤੇ ਕੁੜੀ ਦੇ ਸੁਹੱਪਣ ਅਤੇ ਮੁੰਡੇ ਦੀ ਜਾਇਦਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਪੁਰਾਣੇ ਸਮੇਂ ਵਿੱਚ ਰਿਸ਼ਤਾ ਨਾਈ ਪ੍ਰਹਿਤ ਪਾਂਧੇ ਹੀ ਕਰਵਾਉਦੇ ਸਨ ਤੇ ਲੋਕੀ ਉਹਨਾ ਦੇ ਕਹਿਣ ਤੇ ਰਿਸ਼ਤਾ ਕਰ ਦਿੰਦੇ ਸਨ ਵਿਚੋਲਾ ਰਿਸ਼ਤਾ ਕਰਾਉਣ ਵਿੱਚ ਅਹਿਮ ਭੂਮਿਕਾ ਨਭਾਉਦਾਂ ਹੈ।

ਵੇਖ ਵਿਖਾਵਾ-ਜੇਕਰ ਮਾਂ ਬਾਪ ਨੂੰ ਰਿਸ਼ਤਾ ਪਸੰਦ ਆ ਜਾਵੇ ਤਾਂ ਆਮ ਤੋਰ ਤੇ ਮੰਡੇ ਤੇ ਕੁੜੀ ਨੂੰ ਇਕ ਦੂਜੇ ਨੂੰ ਵਿਖਾਉਣ ਦੀ ਰਸਮ ਕੀਤੀ ਜਾਂਦੀ ਹੈ ਭਾਵੇਂ ਇਹ ਸਭ ਕੁਝ ਰਸਮੀ ਹੀ ਹੁੰਦਾ ਹੈ ਪਰ ਮੁੰਡਾ ਕੁੜੀ ਜੇ ਇਕ ਦੂਜੇ ਨੂੰ ਝਾਤੀ ਮਾਰ ਲੈਣ ਤਾਂ ਮਾਂ ਬਾਪ ਸਰਖੂਰੂ ਹੋ ਜਾਂਦੇ ਹਨ। ਆਮ ਤੋਰ ਤੇ ਮੁੰਡਾ ਕੁੜੀ ਇਕ ਦੂਜੇ ਨੂੰ ਪਸੰਦ ਕਰ ਹੀ ਲੈਦੇ ਹਨ। ਮੁੰਡਾ ਕੁੜੀ ਆਪਸ ਵਿੱਚ ਰਸਮੀ ਜਿਹੀ ਗੱਲ ਬਾਤ ਕਰਦੇ ਹਨ ਤੇ ਘਰ ਜਾ ਕੇ ਆਪਣੀ ਹਾਂ ਜਾਂ ਨਾ ਦੱਸ ਦਿੰਦੇ ਹਨ।

ਠਾਕਾ /ਰੋਕਾ- ਪੁਰਾਣੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਇਆ ਭੇਜ ਦਿੰਦੇ ਸਨ। ਜਿਸ ਦਾ ਭਾਵ ਇਹ ਹੁੰਦਾ ਸੀ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ। ਪਰ ਹੁਣ ਇਸ ਦੇ ਵੀ ਰੂਪ ਬਦਲ ਰਹੇ ਹਨ।

ਮੰਗਣੀ / ਸਗਾਈ-ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਇਆ, ਪੰਜ ਮਿਸਰੀ ਦੇ ਕੂਜੇ,ਪੰਜ ਛੁਹਾਰੇ, ਕੇਸਰ ਆਦਿ ਦੇ ਕੇ ਮੁੰਡੇ ਦੇ ਘਰ ਨੂੰ ਘੱਲ ਦਿੰਦੇ ਹਨ। ਮੁੰਡੇ ਵਾਲ਼ਿਆਂ ਨੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਿੱਚ ਸੱਦਾ ਭੇਜਿਆ ਹੁੰਦਾ ਸੀ। ਮੁੰਡੇ ਦੇ ਮਾਮੇ ਤੇ ਪਿਤਾ ਪੰਚਾਇਤ ਦੀ ਹਜ਼ੂਰੀ ਵਿੱਚ ਮੁੰਡੇ ਨੂੰ ਚੌਂਕੀ ਤੇ ਬਿਠਾ ਲੈਂਦੇ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜ਼ਾ ਉਸ ਦੀ ਝੋਲੀ ਵਿੱਚ ਪਾਕੇ ਕੇਸਰ ਦਾ ਟਿੱਕਾ ਉਸ ਦੇ ਮੱਥੇ ਉਤੇ ਲਾ ਦਿੰਦਾ। ਕੁੜੀ ਦਾ ਬਾਪ ਜਾਂ ਵਿਚੋਲਾ ਪੱਲੇ ਵਾਲ਼ੀਆ ਚੀਜ਼ਾ ਵਿਚੋਂ ਇੱਕ ਛੁਹਾਰਾ ਮੁੰਡੇ ਦੇ ਅਜਿਹੇ ਹਾਣੀਆ ਨੂੰ ਦਿੱਤੇ ਜਾਦੇਂ ਜਿਨ੍ਹਾਂ ਦੀ ਛੇਤੀ ਹੀ ਮੰਗਣੀ ਹੋਣ ਦੀ ਆਸ ਹੁੰਦੀ।ਮੁੰਡੇ ਵਾਲ਼ੇ ਨਾਈ ਦੇ ਹੱਥ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮਹਿੰਦੀ, ਮੌਲ਼ੀ, ਖੰਡ, ਚੌਲ਼, ਛੁਹਾਰੇ ਤੇ ਨਕਦੀ ਆਦਿ ਘੱਲਦੇ। ਕੁੜੀ ਆਪਣੇ ਘਰ ਨ੍ਹਾਂ- ਧੋ, ਜੁੱਤੀ, ਕੱਪੜੇ ਤੇ ਲਾਲ ਪਰਾਂਦੀ ਪਹਿਨ ਕੇ ਚੜ੍ਹਦੇ ਵੱਲ ਮੂੰਹ ਕਰ ਕੇ ਪੀੜੇ ਤੇ ਬੈਠ ਜਾਂਦੀ ਪਿੰਡ ਦੀ ਨਾਇਣ ਸਹੁਰਿਆਂ ਦੀ ਭੇਜੀ ਨਕਦੀ ਉਸ ਦੀ ਝੋਲੀ ਵਿੱਚ ਪਾ ਕੇ ਖੰਡ ਤੇ ਛੁਹਾਰਾ ਉਸ ਦੇ ਮੂੰਹ ਵਿੱਚ ਪਾ ਦਿੰਦੀ ਅਤੇ ਇਸ ਤਰਾਂ ਉਸ ਦੀ ਵੀ ਸਗਾਈ ਹੋਂ ਜਾਦੀ।

ਪਰ ਹੁਣ ਦੇ ਸਮੇਂ ਵਿੱਚ ਇੱਕ ਪ੍ਰੋਗਰਾਮ ਕੀਤਾ ਜਾਂਦਾ ਹੈ। ਵਰ ਤੇ ਕੰਨਿਆ ਦੇ ਪਰਿਵਾਰ ਦੇ ਮੈਂਬਰ ਤੇ ਰਿਸ਼ਤੇਦਾਰ ਆਉਦੇ ਹਨ। ਜਿਸ ਵਿੱਚ ਵਰ ਦੇ ਪਰਿਵਾਰ ਵਲੋਂ ਕੰਨਿਆ ਲਈ ਸੁਗਾਹ ਦਾ ਸਮਾਨ ਲੈਦਾ ਜਾਂਦਾ ਹੈ ਤੇ ਕੰਨਿਆ ਨੂੰ ਤਿਆਰ ਕੀਤਾ ਜਾਂਦਾ, ਬਾਅਦ ਵਿੱਚ ਵਰ ਕੰਨਿਆ ਦੇ ਹੱਥ ਵਿੱਚ ਮੁੰਦਰੀ ਪਾਉਦਾ ਹੈ ਤੇ ਕੰਨਿਆ ਵਰ ਦੇ ਹੱਥ ਵਿੱਚ ਮੁੰਦਰੀ ਪਾਉਦੀ ਹੈ।

ਸਾਹਾ ਕਢਾਉਣਾ- ਸਾਹਾ ਕਢਾਉਣ ਦੀ ਜਿੰਮੇਵਾਰੀ ਆਮ ਤੋਰ ਤੇ ਮੰਡੇ ਵਾਲਿਆਂ ਦੀ ਹੁੰਦੀ । ਮੰਗਣੀ ਤੋਂ ਪਿੱਛੋ ਕਿਸੇ ਸੁੱਭ ਮਹੀਨੇ ਦੀ ਤਾਰੀਖ ਵਿਆਹ ਲਈ ਨਿਯਤ ਕਰ ਲਈ ਜਾਂਦੀ ਹੈ। ਇਸ ਨੂੰ "ਸਾਹਾ ਕਢਾਉਣਾ" ਕਿਹਾ ਜਾਂਦਾ ਹੈ।

ਸਾਹੇ ਚਿੱਠੀ ਭੇਜਣਾ-ਵਿਆਹ ਦੀ ਤਾਰੀਖ ਤੋ ਬਾਅਦ ਅਹਿਮ ਕੰਮ ਸਾਹੇ ਚਿੱਠੀ ਭੇਜਣਾ ਹੁੰਦਾ ਹੈ ਇਹ ਕੰਮ ਵਿਚੋਲਾ ਜਾਂ ਨਾਈ ਕਰਦਾ ਹੈ।ਸਾਹੇ ਚਿੱਠੀ ਕੁੜੀ ਵਾਲਿਆਂ ਵਲੋ ਮੰਡੇ ਵਾਲਿਆਂ ਨੂੰ ਭੇਜੀ ਹੈ ਜਿਸ ਵਿੱਚ ਆਪਣੀ ਸਮਰੱਥਾ ਦਰਸਾਉਦੇ ਹੋਏ ਬਰਾਤ ਦੀ ਗਣਿਤੀ,ਵਿਆਹ ਦਾ ਦਿਨ ਅਦਿ ਲਿਖਿਆ ਹੁੰਦਾ ਹੈ । ਚਿੱਠੀ ਨੂੰ ਦੱਭ, ਚੌਲ਼, ਹਲ਼ਦੀ, ਖੰਮ੍ਹਣੀ ਆਦਿ ਵਿੱਚ ਲਪੇਟ ਕੇ ਨਾਈ/ ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲ਼ਿਆਂ ਨੂੰ ਭੇਜਿਆ ਜਾਂਦਾ ਹੈ।ਸਾਹੇ ਚਿੱਠੀ ਵਾਲੇ ਨੂੰ ਤੇਲ ਚੋ ਕੇ ਸ਼ਗਣਾ ਨਾਲ ਅੰਦਰ ਵਾੜਿਆ ਜਾਂਦਾ ਹੈ,ਮੁੰਡੇ ਵਾਲਿਆਂ ਵਲੋਂ ਸਾਹੇ ਚਿੱਠੀ ਸਾਕ ਸੰਬੰਧੀਆਂ ਨੂੰ ਇੱਕਠੇ ਕਰਕੇ ਪੜੀ ਜਾਂਦੀ ਹੈ। ਚਿੱਠੀ ਪੜ ਕੇ ਸੁਣਾਉਣ ਵਾਲੇ ਨੂੰ ਵੀ ਲਾਗ ਦਿੱਤਾ ਜਾਂਦਾ ਹੈ।

ਸਾਹੇ ਬੱਜਣਾ-ਸਾਹੇ ਬੱਜਣ ਤੋ ਬਾਅਦ ਵਰ ਅਤੇ ਕੰਨਿਆ ਨੂੰ ਬਹੁਤਾ ਘਰੋ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ ਉਹਨਾ ਨੂੰ ਉਜਾੜ ਥਾਵਾ ਤੇ ਜਾਣ ਦੀ ਮਨਾਹੀ ਹੁੰਦੀ ਹੈ ਅਤੇ ਹੋਲਾ ਭਾਰਾ ਕੰਮ ਕਰਨ ਤੋ ਵਰਜਿਆ ਜਾਂਦਾ ਹੈ।

ਵਿਆਹ ਦੀਆਂ ਤਿਆਰੀਆਂ: ਸਾਹੇ ਦੀ ਚਿੱਠੀ ਤੋਂ ਪਿੱਛੋ ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਦੀਆਂ ਹਨ।ਪੁਰਾਣੇ ਸਮੇਂ ਵਿੱਚ ਕੁੜੀ ਵਾਲੇ ਭਾਇਚਾਰੇ ਵਿੱਚ ਮੌਲੀ ਜਾਂ ਰੂੰ ਕੱਤਣ ਤੇ ਪੀਹਣ ਲਈ ਦਾਣੇ ਵੰਡ ਦਿੰਦੇ, ਅੱਜ-ਕੱਲ੍ਹ ਅਜਿਹੇ ਕੰਮ ਮਸ਼ੀਨਾਂ ਤੇ ਕਰਾ ਲਏ ਜਾਂਦੇ ਹਨ। ਫੇਰ ਵੀ ਕੁੜੀ ਦਾ ਵਿਆਹ ਸਾਰੇ ਭਾਇਚਾਰੇ ਦਾ ਕੰਮ ਸਮਝਿਆ ਜਾਂਦਾ ਹੈ। ਮੁੰਡੇ ਵਾਲੇ ਵੀ ਘਰ ਵਰੀ ਆਦਿ ਤਿਆਰ ਕਰਨ ਲੱਗ ਜਾਂਦੇ ਹਨ।

ਵਰੀ ਬਣਾਉਣਾ -ਵਿਆਹ ਤੋ ਕੁਝ ਦਿਨ ਪਹਿਲਾਂ ਵਰੀ ਬਣਾਈ ਜਾਂਦੀ ਹੈ ਜਿਸ ਵਿੱਚ ਮੁੰਡੇ ਵਾਲੇ ਕੁੜੀ ਦੇ ਕੱਪੜੇ ਤੇ ਗਹਿਣੇ ਬਣਾਉਦੇ ਹਨ ਵਰੀ ਬਣਾਉਣ ਲਈ ਆਮ ਤੋਰ ਤੇ ਨੇੜਲੇ ਰਿਸ਼ਤੇਦਾਰਾ ਨੂੰ ਲਿਜਾਇਆਂ ਜਾਂਦਾ ਹਨ ਅੱਜ ਕੱਲ ਵਰੀ ਬਣਾਉਣ ਲਈ ਕੁੜੀ ਨੂੰ ਨਾਲ ਲਿਜਾਣ ਦਾ ਆਮ ਰਿਵਾਜ ਹੋ ਗਿਆ ਹੈ ਕੁੜੀ ਆਪਣੀ ਪਸੰਦ ਦੇ ਸੂਟ ਤੇ ਗਹਿਣੇ ਬਣਵਾ ਲੈਦੀ ਹੈ।

ਮੁੰਡੇ ਦੇ ਪਰਿਵਾਰ ਦੇ ਕੱਪੜੇ ਬਣਾਉਣਾ-

ਕੁੜੀ ਵਾਲੇ ਵੀ ਮੁੰਡੇ ਦੇ ਪਰਿਵਾਰ ਤੇ ਹੋਰ ਨੇੜਲੇ ਰਿਸ਼ਤੇਦਾਰਾ ਲਈ ਕੱਪੜੇ ਬਣਾ ਦਿੰਦੇ ਹਨ।ਜਿਸ ਨੂੰ ਨੌਂਗੇ ਬਣਾਉਣਾ ਕਹਿੰਦੇ ਹਨ।

ਕੜ੍ਹਾਹੀ: - ਸੱਤ ਜਾਂ ਨੌਂ ਦਿਨ ਪਹਿਲਾਂ "ਕੜ੍ਹਾਹੀ ਚੜ੍ਹਾਈ" ਜਾਂਦੀ ਸੀ। ਵਿਆਂਹਦੜ ਦੀ ਮਾਂ ਇਸ ਕੜ੍ਹਾਹੀ ਵਿੱਚ ਤਿਆਰ ਕੀਤੇ ਗੁਲ-ਗੁਲੇ ਆਪਣੇ ਪੇਕਿਆਂ ਨੂੰ ਲੈ ਜਾਦੀ ਤੇ ਉਹਨਾ ਨੂੰ ਵਿਆਹ ਦਾ ਦਿਨ ਦੱਸ ਆਉਂਦੀ। ਤੇ ਉਹ 'ਨਾਨਕੀ ਛੱਕ ' ਤਿਆਰ ਕਰਨ ਲੱਗ ਜਾਂਦੇ।

ਵੱਟਣਾ ਦੀ ਰਸਮ-ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ ਵਟਣੇ ਦੀ ਹੁੰਦੀ ਹੈ। ਵਰ /ਕੰਨਿਆ ਸਿਰ ਦੇ ਉੱਤੇ ਚਾਰ ਕੁੜੀਆਂ ਚਾਰੇ ਕੰਨੀਂਆ ਫੜ ਕੇ ਪੀਲ਼ੀ ਚਾਦਰ ਦਾ ਚੰਦੋਆ ਤਾਣ ਕੇ ਖੜ੍ਹੀਆਂ ਹੋ ਜਾਂਦੀਆਂ। ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲਦੀ ਮਿਲ਼ਾ ਕੇ ਵਟਣਾ ਤਿਆਰ ਕੀਤਾ ਹੁੰਦਾ। ਇਹ ਰਸਮ ਦੋਰਾਨ ਲੋਕ ਗੀਤ ਗਾਏ ਜਾਂਦੇ ਹਨ।

ਨਾਨਕਾ-ਮੇਲ- ਵਿਆਹ ਤੋਂ ਇੱਕ ਦਿਨ ਪਹਿਲਾਂ ਸੱਦੇ ਹੋਏ ਅੰਗ-ਸਾਕ ਪਹੁੰਚਣੇ ਸ਼ੁਰੂ ਹੋ ਜਾਦੇਂ ਹਨ। ਸਭ ਤੋਂ ਵਧੇਰਾ ਮੇਲ਼ ਨਾਨਕਿਆਂ ਦਾ ਹੁੰਦਾ ਹੈ, ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ, ਪਲੰਘ, ਬਰਤਨ ਤੇ ਕੱਪੜੇ-ਲੀੜੇ ਲੈ ਕੇ ਫੜਿਆ ਹੁੰਦਾ ਹੈ। ਬਾਕੀ ਨਾਨਕਾ ਮੇਲ਼ ਗੀਤ ਗਾਰਦਾਂ, ਸੰਠਨੀਆਂ ਦਿੰਦਾ ਹੋਇਆ ਪਿੰਡ ਦੀ ਜੂਹ ਵਿੱਚ ਵੜਦਾ ਹੈ।

ਚੂੜਾ ਚੜਾਉਣ ਦੀ ਰਸਮ- ਇਹ ਰਸਮ ਵਿਆਹ ਤੋਂ ਇੱਕ ਦਿਨ ਪਹਿਲਾ ਕੀਤੀ ਜਾਂਦੀ ਹੈ। ਇਸ ਵਿੱਚ ਲੜਕੀ ਦਾ ਮਾਮਾ ਲੜਕੀ ਨੂੰ ਚੂੜਾ ਚੜਾਉਂਦਾ ਹੈ। ਇਹ ਚੂੜਾ ਚੜਾਉਣ ਤੋਂ ਪਹਿਲਾ ਲੱਸੀ ਵਿੱਚ ਡੁਬੋਇਆ ਜਾਂਦਾ ਹੈ ਤੇ ਵਿੱਚ ਹਰਾ ਘਾਹ ਤੇ ਗੁਲਾਬ ਦੇ ਫੁੱਲ ਵੀ ਰਖਿਆ ਜਾਂਦਾ ਹੈ।

ਨਹਾਈ ਧੋਈ ਦੀ ਰਸਮ- ਵਿਆਹ ਵਾਲੇ ਦਿਨ ਨਹਾਈ ਧੋਈ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਦੋਰਾਨ ਸੱਤ ਸੁਹਾਗਣਾ ਵਲੋਂ ਵੱਟਣਾ ਲਗਾਇਆ ਜਾਂਦਾ ਹੈ, ਕੰਨਿਆ ਨੂੰ ਨਹਾਉਣ ਤੋਂ, ਫਿਰ ਮਾਮਾ ਕੰਨਿਆ ਨੂੰ ਗੋਦੀ ਚੁੱਕ ਕੇ ਪਟੜੇ ਤੋਂ ਉਤਾਰਦਾ ਹੈ ਤੇ ਸ਼ਗਨ ਵਜੋਂ ਕੁੱਝ ਰੁਪਏ ਤੇ ਦੋ ਲੱਡੂ ਝੋਲੀ ਵਿੱਚ ਪਾਏ ਜਾਂਦੇ ਹਨ ਅਤੇ ਮੂੰਹ ਮਿੱਠਾ ਕਰਾਇਆ ਜਾਂਦਾ ਹੈ।

ਜੰਜ ਲਈ ਤਿਆਰੀ-ਦੂਜੇ ਦਿਨ ਚੰਨ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਆਖ਼ਰੀ ਵਟਣਾ ਮਲ਼ ਕੇ ਕੇ ਨੁਹਾ ਦਿੰਦੇ ਹਨ। ਨੁਹਾ ਕੇ ਉਸ ਨੂੰ ਮਾਮੇ ਦੀ ਲਿਆਂਦੀ ਹੋਈ ਪੁਸ਼ਾਕ ਪਹਿਨਾਈ ਜਾਂਦੀ ਹੈ। ਸਰਬਾਲ੍ਹੇ ਨੂੰ ਵੀ ਇਸੇ ਤਰ੍ਹਾਂ ਨੁਹਾ ਜਾਂਦਾ ਹੈ।

ਸ਼ਹਿਰੇ ਬੰਨਾਈ-ਸ਼ਹਿਰੇ ਬੰਨਾਈ ਦੀ ਰਸਮ ਅਹਿਮ ਹੁੰਦੀ ਹੈ। ਲੜਕੇ ਦੀ ਭੈਣ ਵੱਲੋਂ ਆਪਣੇ ਭਰਾ ਦੇ ਸਿਰ ਸਿਹਰੇ ਬੰਨ੍ਹੇ ਜਾਂਦੇ ਹਨ ਅਤੇ ਭਾਬੀਆਂ ਵੱਲੋਂ ਸੁਰਮਾ ਪਾਇਆ ਜਾਂਦਾ ਹੈ। ਬਦਲੇ ਵਿੱਚ ਲਾੜੇ ਵਲੋਂ ਸ਼ਗਨ ਦਿੱਤਾ ਜਾਂਦਾ ਹੈ।ਬਰਾਤ ਜਾਣ ਤੋ ਪਹਿਲਾ ਜਦੋਂ ਲਾੜੇ ਦੇ ਉਸਦੀਆਂ ਭੈਣਾਂ ਸੇਹਰੇ ਬੰਨਦੀਆਂ ਹਨ ਤਾਂ ਨਾਲ ਦੀ ਨਾਲ ਗਾਣੇ ਵੀ ਗਾਏ ਜਾਦੇ ਹਨ ਆਟੇ ਸੁਰਮਾ ਪਵਾਈ ਵੇਲੇ ਵੀ ਗਾਣੇ ਗਾਏ ਜਾਂਦੇ ਹਨ .

ਮਿਲਣੀ: ਪਿੰਡ ਦੇ ਦਰਵਾਜ਼ੇ ਉੱਤੇ ਜਾਂ ਡੇਰੇ ਵਿੱਚ ਪਹੁੰਚਣ ਤੇ 'ਮਿਲਣੀ' ਹੁੰਦੀ ਹੈ। ਮਿਲਣੀ ਵਿੱਚ ਵਰ ਤੇ ਕੰਨਿਆ ਦੇ ਸਾਕੇ ਸਾਕ ਸੰਬੰਧੀ ਮਿਲਣੀ ਕਰਦੇ ਹਾਂ ਇੱਕ ਦੂਜੇ ਦੇ ਹਾਰ ਪਾਉਦੇ ਹਨ।

ਆਨੰਦ ਕਾਰਜ/ਲਾਵਾ-ਆਨੰਦ ਕਾਰਜ ਦੀ ਰਸਮ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ। ਇਸ ਰਸਮ ਵਿੱਚ 'ਲਾਵਾਂ' ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਵਰ, ਕੰਨਿਆ ਅਤੇ ਦੋਵਾਂ ਧਿਰਾਂ ਦੀ ਮੌਜੂਦਗੀ ਵਿੱਚ ਹੁੰਦੀਆਂ ਹਨ। ਆਨੰਦ ਕਾਰਜ ਲਈ ਕੰਨਿਆ ਦਾ ਪਿਤਾ ਕੰਨਿਆ ਦੇ ਹੱਥ ਵਰ ਦਾ ਪੱਲਾ ਫੜਾਉਦਾ ਹੈ। ਸੁਹਾਗ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਲੇ -ਦੁਆਲੇ ਲਾਵਾਂ ਦੇ ਪਾਠ ਤੇ ਕੀਰਤਨ ਸਮੇਂ ਚਾਰ ਲਾਵਾਂ ਲੈਦੀਂ ਹੈ।ਆਨੰਦ ਕਾਰਜ ਤੋਂ ਲਾੜੇ ਦੀ ਸੱਸ ਜਵਾਈ ਨੂੰ ਸ਼ਗਨ ਦਿੰਦੀ ਹੈ ਤੇ ਉਸਦਾ ਮੂੰਹ ਮਿੱਠਾ ਕਰਾਉਂਦੀ ਹੈ ।

ਵਰੀ ਦੇਖਣਾ- ਫਿਰ "ਵਰੀ" ਦੇਖਣੀ ਹੁੰਦੀ ਹੈ। ਜਿਹੜੀਆਂ ਵੀ 'ਵਰੀ' ਮੁੰਡੇ ਵਾਲੇ ਕੁੜੀ ਲਈ ਲੈ ਕੇ ਆਏ ਉਹ ਸਭ ਸਮਾਨ ਕੁੜੀਆਂ ਵਾਲਿਆ ਨੂੰ ਦੇਖਿਆ ਜਾਂਦਾ ਹੈ।

ਖੱਟ- ਇਸੇ ਤਰਾਂ ਜੰਨ ਦੇ ਤੁਰਨ ਤੋਂ ਪਹਿਲਾਂ ਕੁੜੀ ਵਾਲ਼ੇ ਮੁੰਡੇ ਵਾਲ਼ਿਆਂ ਨੂੰ ਉਹਨਾ ਤੇ ਉਹਨਾਏ ਭਾਈਚਾਰੇ ਨੂੰ ਦਿੱਤਾ ਜਾਣ ਵਾਲ਼ਾ 'ਖੱਟ' ਵਿਖਾਉਂਦੇ ਹਨ।

ਡੋਲੀ-ਇਸ ਤੋਂ ਪਿੱਛੋਂ ਜੰਨ ਵਿਦਾ ਕਰ ਦਿੱਤੀ ਜਾਂਦੀ ਹੈ। ਮਾਮਾ ਕੁੜੀ ਨੂੰ ਚੁੱਕ ਕੇ ਰੋਂਦੀ, ਕੁਰਲਾਉਂਦੀ ਨੂੰ ਡੋਲ਼ੇ ਵਿੱਚ ਬਿਠਾ ਆਉਂਦਾ ਹੈ।

ਪਾਣੀ ਵਾਰਨਾ- ਮੁੰਡੇ ਦੇ ਘਰ ਪਹੁੰਚਣ ਉੱਤੇ ਮੁੰਡੇ ਦੀ ਮਾਂ ਸ਼ਗਨਾ ਦੀ ਥਾਲੀ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜ਼ੇ ਉਤੇ ਉਹ ਪਾਣੀ ਨਾਲ਼ "ਵਾਰਨੇ ਵਾਰਦੀ" ਹੈ। ਉਹ ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ। ਭਾਵ ਉਹ ਪੁੱਤ ਦੇ ਦੁੱਖ ਆਪਣੇ ਸਿਰ ਲੈਣ ਦੀ ਕੁਰਬਾਨੀ ਕਰਦੀ ਹੈ।ਇਹ ਵੀ ਕਿਹਾ ਜਾਂਦਾ ਹੈ ਕਿ ਪਾਣੀ ਵਾਰਨ ਦੀ ਰਸਮ ਨਾਲ ਨਵੀਂ ਵਹੁਟੀ ਦਾ ਸਾਰਾ ਪਿਆਰ ਸੱਸ ਨਾਲ ਪੈ ਜਾਂਦਾ ਹੈ।

ਛਟੀ ਖੇਡਣਾ- ਦੂਜੇ ਦਿਨ ਸਵੇਰੇ ਲਾੜਾ ਤੇ ਵਹੁਟੀ ਪਿੱਤਰਾ, ਸ਼ਹੀਦਾ ਦੇ ਮੱਥਾ ਟੇਕਣ ਵਾਸਤੇ ਜਾਂਦੇ ਹਨ ਕਈ ਥਾਵਾਂ ਉੱਤੇ ਇਸ ਸਮੇਂ ਛਟੀ ਖੇਡਣ ਦਾ ਵੀ ਰਿਵਾਜ ਹੈ। ਲਾੜਾ ਤੇ ਵਹੁਟੀ ਇੱਕ ਦੂਜੇ ਦੇ ਸੱਤ- ਸੱਤ ਛਟੀਆਂ ਮਾਰਦੇ ਹਨ।

ਪੇਟੀ ਖੁਲ੍ਹਾਈ- ਕੰਨਿਆ ਦੀ ਛੋਟੀ ਨਣਾਨ ਪੇਟੀ ਖੋਲ੍ਹਦੀ ਹੈ ਤੇ "ਪੇਟੀ ਖੁਲ੍ਹਾਈ" ਦਾ ਮਨਭਾਉਂਦਾ ਸੂਟ ਕੱਢ ਲੈਂਦੀ ਹੈ।

ਹਰ ਹੁਣ ਇਹਨਾਂ ਰਸਮਾਂ ਦਾ ਬਹੁਤਾਂ ਮੱਹਵਤ ਨਹੀ ਰਿਹਾਂ ਇਹ ਰਸਮਾਂ ਦਿਨ ਪ੍ਰਤੀ ਦਿਨ ਅਲੋਪ ਹੋ ਰਹੀਆਂ ਹਨ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

Bedroom 4
Bathroom 2+1
Size (Sq.Ft.) 2455
Home Details 42'

EXCLUSIVE FOR SALE IN WOODSTOCK



CLOSING IN APRIL 2021

Bedroom 4
Bathroom 2+1
Size (Sq.Ft.) 2250
Home Details 36'

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE

27 ਫਰਵਰੀ ਨੂੰ ਪ੍ਰਕਾਸ਼ ਦਿਹਾੜੇ ਉੱਤੇ ਵਿਸ਼ੇਸ਼

# ਕ੍ਰਾਂਤੀਕਾਰੀ ਬਾਣੀ ਦੇ ਰਚੇਤਾ ਭਗਤ ਰਵਿਦਾਸ

-ਦਲਬੀਰ ਸਿੰਘ ਧਾਲੀਵਾਲ



ਭਗਤ ਰਵਿਦਾਸ ਜੀ ਦਾ ਜੀਵਨ ਇਸ ਤੱਥ ਦੀ ਗਵਾਹੀ ਭਰਦਾ ਹੈ ਕਿ ਪ੍ਰਭੂ ਪ੍ਰਾਪਤੀ ਲਈ ਕਿਸੇ ਤਰ੍ਹਾਂ ਦੇ ਕਰਮ-ਕਾਂਡ, ਭੇਖ ਧਾਰਨ, ਧਾਰਮਿਕ ਚਿੰਨ੍ਹ ਧਾਰਨ, ਤੀਰਥ ਯਾਤਰਾ ਅਤੇ ਇਸ਼ਨਾਨ ਕਰਨ, ਵਰਤ ਰੱਖਣ, ਪੁਜਾਰੀਆਂ ਨੂੰ ਦਾਨ ਦੇਣ, ਸਰੀਰ ਨੂੰ ਕਸ਼ਟ ਦੇਣ ਵਾਲੇ ਤਪ ਸਾਧਨ, ਮੰਤਰਾਂ ਦੇ ਜਾਪ ਕਰਨ ਆਦਿ ਦੀ ਬਿਲਕੁਲ ਲੋੜ ਨਹੀਂ। ਹਿਰਦੇ ਦੀ ਨਿਰਮਲਤਾ, ਸ਼ਰਧਾ ਭਾਵਨਾ, ਸੱਚੀ ਸੁੱਚੀ ਮਨੁੱਖੀ ਹਮਦਰਦੀ ਤੇ ਸੰਸਾਰਕ ਵਸਤਾਂ ਦਾ ਮੋਹ ਤਿਆਗਣ ਨਾਲ ਇਹ ਕਾਰਜ ਪੂਰਾ ਕੀਤਾ ਜਾ ਸਕਦਾ ਹੈ। ਜਦੋਂ ਭਗਤ ਰਵਿਦਾਸ ਦਾ ਜਨਮ ਹੋਇਆ ਤਾਂ ਪੁਜਾਰੀ ਤੇ ਪੁਰੋਹਿਤ ਸ਼੍ਰੇਣੀ ਨੇ ਯੋਜਨਾਬੱਧ ਢੰਗ ਨਾਲ ਧਾਰਮਿਕ ਗ੍ਰੰਥਾਂ ਰਾਹੀਂ ਮਨੁੱਖਾਂ ਵਿੱਚ ਵੰਡ ਪਾਈ ਹੋਈ ਸੀ। ਅਜਿਹਾ ਇੱਕ ਗ੍ਰੰਥ ਸੀ 'ਮਨੂ ਸਿਮਰਤੀ', ਜਿਸ ਵਿੱਚ ਲਿਖਿਆ ਸੀ, ''ਸ਼ੂਦਰ, ਗੰਵਾਰ, ਢੋਰ, ਔਰ ਨਾਰੀ ਇਹ ਚਾਰੋਂ ਤਾੜਨ ਕੇ ਅਧਿਕਾਰੀ।'' ਇਸ ਵਿੱਚ ਇਹ ਵੀ ਲਿਖਿਆ ਸੀ, ਜੇ ਕੋਈ ਸ਼ੂਦਰ ਵੇਦ ਪਾਠ ਸੁਣ ਲਏ ਤਾਂ ਉਸ ਦੇ ਕੰਨਾਂ ਵਿੱਚ ਸਿੱਕਾ ਢਾਲ ਦਿਉ ਤੇ ਜੇ ਉਹ ਵੇਦ ਪਾਠ ਉਚਾਰੇ ਤਾਂ ਉਸ ਦੀ ਜੀਭ ਕੱਟ ਦਿਓ। ਇਸ ਮਾਨਵਤਾ ਵਿਰੋਧੀ ਧਾਰਮਿਕ ਸ਼ੋਸ਼ਣ ਵਿਰੁੱਧ ਮੱਧ-ਕਾਲ ਵਿੱਚ ਭਗਤੀ ਲਹਿਰ ਦਾ ਚੱਲਣਾ ਚਮਤਕਾਰ ਤੋਂ ਘੱਟ ਨਹੀਂ ਸੀ। ਬਨਾਰਸ, ਜੋ ਬ੍ਰਾਹਮਣਵਾਦੀ ਪ੍ਰਚਾਰ ਦਾ ਕੇਂਦਰ ਸੀ, ਤੋਂ ਇਸ ਦੇ ਵਿਰੁੱਧ ਭਗਤੀ ਲਹਿਰ ਦਾ ਆਰੰਭ ਹੋਇਆ। ਇਸ ਲਹਿਰ ਦੇ ਮਹਾਪੁਰਖਾਂ ਭਗਤ ਨਾਮਦੇਵ, ਭਗਤ ਕਬੀਰ ਅਤੇ ਗੁਰੂ ਰਵਿਦਾਸ ਨੇ ਬੜੀ ਦ੍ਰਿੜ੍ਹਤਾ ਨਾਲ ਜਾਤ-ਪਾਤ ਨੂੰ ਆਪਣੀਆਂ ਸੁੱਘੜ ਦਲੀਲਾਂ ਨਾਲ ਵੰਗਾਰਿਆ ਤੇ ਗਲਤ ਵਿਚਾਰਧਾਰਾ ਦਾ ਖੰਡਨ ਕੀਤਾ। ਭਗਤ ਰਵਿਦਾਸ ਨੂੰ ਵੀ ਅਜਿਹੇ ਹੀ ਭ੍ਰਿਸ਼ਟ ਸਮਾਜਕ ਪ੍ਰਬੰਧ ਵਿੱਚ ਪੈਦਾ ਹੋਣ ਕਾਰਨ 'ਅਛੂਤ' ਉਪਰ ਹੁੰਦੇ ਜ਼ੁਲਮਾਂ ਨੂੰ ਆਪਣੇ ਪਿੰਡੇ ਹੰਢਾਉਣਾ ਪਿਆ, ਜਿਸ ਵਿਰੁੱਧ ਉਨ੍ਹਾਂ ਆਪਣੀ ਬਾਣੀ ਰਾਹੀਂ ਆਵਾਜ਼ ਚੁੱਕੀ। ਉਨ੍ਹਾਂ ਨੇ ਆਪਣੀ ਜਾਤ ਦੇ ਕੰਮ ਨੂੰ ਲੁਕਾਇਆ ਨਹੀਂ, ਡੰਕੇ ਦੀ ਚੋਟ ਉੱਤੇ ਆਪਣੀ ਬਾਣੀ ਵਿੱਚ ਹਰ ਥਾਂ ਇਸ ਤੱਥ ਨੂੰ ਉਜਾਗਰ ਕੀਤਾ ਹੈ।

ਭਗਤ ਰਵਿਦਾਸ ਦੇ ਜਨਮ ਸਮੇਂ ਬਾਰੇ ਬੇਸ਼ੱਕ ਭਾਈ ਕਾਹਨ ਸਿੰਘ ਸਮੇਤ ਕਈ ਵਿਦਵਾਨਾਂ ਵਿੱਚ ਮਤਭੇਦ ਹਨ, ਪਰ ਬਹੁਗਿਣਤੀ ਅਨੁਸਾਰ ਉਨ੍ਹਾਂ ਦਾ ਜਨਮ ਮਾਘ ਸੁਦੀ 15, ਸੰਮਤ 1433 ਸੰਨ 1376 ਈਸਵੀ ਵਿੱਚ ਮੰਨਿਆ ਗਿਆ ਹੈ। ਜਨਮ ਅਸਥਾਨ ਬਾਰੇ ਭਗਤ ਜੀ ਨੇ ਆਪਣੀ ਬਾਣੀ ਵਿੱਚ ਆਪ ਹੀ ਸਪੱਸ਼ਟ ਕਰ ਦਿੱਤਾ ਕਿ ਉਹ ਬਨਾਰਸ ਜਾਂ ਇਸ ਦੇ ਨੇੜੇ-ਤੇੜੇ ਦੇ ਵਸਨੀਕ ਸਨ, ''ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।'' ਉਨ੍ਹਾਂ ਦੇ ਮਾਤਾ-ਪਿਤਾ ਦੇ ਨਾਵਾਂ ਬਾਰੇ ਵੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਭਾਈ ਕਾਹਨ ਸਿੰਘ ਨਾਭਾ ਨੇ ਪਿਤਾ ਸੰਤੋਖਾ ਅਤੇ ਮਾਤਾ ਦਿਆਲੀ ਲਿਖਿਆ ਹੈ। ਇੱਕ ਹੋਰ ਵਿਦਵਾਨ ਨੇ ਪਿਤਾ ਦਾ ਨਾਂਅ ਸੰਤੋਖ ਦਾਸ, ਮਾਤਾ ਦਾ ਨਾਂ ਕੌਸਾ ਦੇਵੀ ਲਿਖਿਆ ਹੈ। ਰਵਿਦਾਸ ਜੀ ਪ੍ਰਭੂ ਭਗਤੀ ਦੇ ਨਾਲ ਆਪਣਾ ਪਿਤਾ ਪੁਰਖਾ ਕਿੱਤਾ ਵੀ ਨੇਕ ਨੀਤੀ ਨਾਲ ਕਰਦੇ ਸਨ। ਇਸ ਸੱਚੀ-ਸੁੱਚੀ ਕਮਾਈ 'ਚੋਂ ਉਹ ਲੋੜਵੰਦਾਂ ਦੀ ਮਦਦ ਵੀ ਕਰਦੇ ਰਹਿੰਦੇ ਸਨ, ਜਿਸ ਨਾਲ ਉਨ੍ਹਾਂ ਦੀ ਲੋਕਪ੍ਰਿਅਤਾ ਵਧਦੀ ਵੇਖ ਕੇ ਖੁੰਧਕ ਵਜੋਂ ਕੱਟੜਪੰਥੀ ਪੁਜਾਰੀਆਂ ਨੇ ਸਮੇਂ ਦੇ ਹਾਕਮਾਂ ਕੋਲ ਸ਼ਿਕਾਇਤ ਕੀਤੀ ਕਿ (ਭਗਤ) ਰਵਿਦਾਸ ਨੀਵੀਂ ਜਾਤੀ ਦਾ ਹੋ ਕੇ ਧਾਰਮਿਕ ਉਪਦੇਸ਼ ਦਿੰਦਾ ਹੈ। ਇਸ ਦੇ ਬਾਵਜੂਦ ਉਨ੍ਹਾਂ ਦੀ ਦਿਆਲਤਾ ਤੇ ਪੂਰਨ ਪ੍ਰਭੂ ਭਗਤੀ ਨੇ ਉਨ੍ਹਾਂ ਉੱਤੇ ਕੋਈ ਆਂਚ ਨਾ ਆਉਣ ਦਿੱਤੀ, ਸਗੋਂ ਚਿਤੌੜ ਦੀ ਰਾਣੀ ਉਨ੍ਹਾਂ ਦੇ ਦਰਸ਼ਨਾਂ ਲਈ ਆਈ ਅਤੇ ਉਨ੍ਹਾਂ ਦੀ ਪੱਕੀ ਸ਼ਰਧਾਲੂ ਬਣ ਗਈ। ਜੇ ਭਗਤ ਰਵਿਦਾਸ ਵੱਲੋਂ ਉਚਾਰਨ ਕੀਤੀ ਬਾਣੀ ਦਾ ਡੂੰਘਾ ਅਧਿਐਨ ਕਰੀਏ ਤਾਂ ਮਨੁੱਖੀ ਜ਼ਿੰਦਗੀ ਦਾ ਕੋਈ ਪੱਖ ਨਹੀਂ, ਜਿਸ ਪ੍ਰਤੀ ਗਿਆਨ ਇਸ ਬਾਣੀ 'ਚੋਂ ਝਲਕਦਾ ਨਾ ਹੋਵੇ। ਤਦੇ ਹੀ ਗੁਰੂ ਅਰਜਨ ਦੇਵ ਨੇ 1604 ਵਿੱਚ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰਨ ਵੇਲੇ ਉਨ੍ਹਾਂ ਦੀ ਬਾਣੀ ਦੇ ਚਾਲੀ ਸ਼ਬਦਾਂ ਨੂੰ ਬੜੇ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਸੀ, ਜਿਸ ਨੂੰ ਸਮੁੱਚੇ ਵਿਸ਼ਵ ਦੇ ਸ਼ਰਧਾਲੂ ਅੱਜ ਵੀ ਪੂਰੀ ਸ਼ਰਧਾ ਨਾਲ ਸਰਵਣ ਕਰਦੇ ਅਤੇ ਸੀਸ ਝੁਕਾਉਂਦੇ ਹਨ।

ਭਗਤ ਰਵਿਦਾਸ ਪ੍ਰਭੂ ਭਗਤੀ ਵਿੱਚ ਇੰਨੇ ਲੀਨ ਹੋ ਚੁੱਕੇ ਸਨ ਕਿ ਪ੍ਰਮਾਤਮਾ ਉਨ੍ਹਾਂ ਲਈ ਕੋਈ ਰਹੱਸ ਨਹੀਂ ਸੀ ਰਹਿ ਗਿਆ। ਉਹ ਪ੍ਰਮਾਤਮਾ ਨੂੰ ਕਣ ਕਣ ਵਿੱਚ ਅਤੇ ਆਪਣੇ ਅੰਗ-ਸੰਗ ਅਨੁਭਵ ਕਰਦੇ ਸਨ। ਉਹ ਲਿਖਦੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥

ਇਹ ਮੰਨਣਾ ਠੀਕ ਹੈ ਕਿ ਭਗਤ ਰਵਿਦਾਸ ਮੁੱਖ ਰੂਪ ਵਿੱਚ ਅਧਿਆਤਮਕ ਵਿਅਕਤੀ ਸਨ, ਪਰ ਉਨ੍ਹਾਂ ਦੀ ਸਮੁੱਚੀ ਬਾਣੀ ਨੂੰ ਘੋਖਣ ਤੋਂ ਸਪੱਸ਼ਟ ਹੁੰਦਾ ਹੈ ਕਿ ਸਮਾਜਕ ਮੁਕਤੀ ਉਨ੍ਹਾਂ ਦਾ ਮੁੱਖ ਨਿਸ਼ਾਨਾ ਸੀ। ਇਸੇ ਕਰ ਕੇ ਲਤਾੜੇ-ਪਛਾੜੇ ਲੋਕਾਂ ਦੇ ਮਸੀਹਾ ਬਣ ਗਏ। ਉਨ੍ਹਾਂ ਦੀ ਬਾਣੀ 'ਚੋਂ ਅਧਿਆਤਮਕਪਣ ਤੋਂ ਵਧੇਰੇ ਕਰ ਕੇ ਸ਼ਾਂਤੀ ਅਤੇ ਸੰਘਰਸ਼ ਦੀ ਪ੍ਰੇਰਨਾ ਮਿਲਦੀ ਹੈ। ਇਸੇ ਕਰ ਕੇ ਸਿੱਖ ਗੁਰੂ ਸਾਹਿਬਾਨ ਨੇ ਉਨ੍ਹਾਂ ਦੀ ਬਾਣੀ ਨੂੰ ਵਿਸ਼ੇਸ਼ ਸਤਿਕਾਰ ਦਿੱਤਾ ਸੀ। ਉਨ੍ਹਾਂ ਨੇ ਪਹਿਲਾਂ ਪ੍ਰਚਲਿਤ ਧਰਮ ਪ੍ਰੰਪਰਾਵਾਂ ਨੂੰ ਰੱਦ ਕੀਤਾ ਅਤੇ ਮਨੂਵਾਦੀ ਗ੍ਰੰਥਾਂ ਵੱਲੋਂ ਸੰਚਾਲਤ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਜੜ੍ਹ, ਜਾਤ-ਪ੍ਰਥਾ ਉਪਰ ਜ਼ੋਰਦਾਰ ਹਮਲਾ ਕਰ ਕੇ ਛੋਟੀਆਂ ਜਾਤਾਂ ਕਹੇ ਜਾਂਦੇ ਲੋਕਾਂ ਦੀ ਜ਼ਮੀਰ ਨੂੰ ਝੰਜੋੜਿਆ ਕਿ ਨੀਵੀਂ ਜਾਤੀ ਵਿੱਚ ਪੈਦਾ ਹੋਣ ਦੇ ਬਾਵਜੂਦ ਜੇ ਕਿਰਤ ਨੇਕ ਹੋਵੇ ਤਾਂ ਇਸ ਤੋਂ ਹੀਣ ਭਾਵਨਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਆਪਣੀ ਕਿਰਤ ਦਾ ਪ੍ਰਗਟਾਵਾ ਬਗੈਰ ਕਿਸੇ ਭੈਅ ਤੋਂ ਕੀਤਾ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥

ਅਫਸੋਸ ਹੈ ਕਿ ਭਗਤ ਰਵਿਦਾਸ ਦੀ ਬਾਣੀ ਦਾ ਜੋ ਉਤਮ ਰਾਜਨੀਤਕ, ਕ੍ਰਾਂਤੀਕਾਰੀ ਤੇ ਸਮਾਜ ਸੁਧਾਰਕ ਪੱਖ ਹੈ, ਉਸ ਨੂੰ ਸਮੇਂ ਦੇ ਉੱਚ ਸ਼੍ਰੇਣੀ ਕਹਾਉਂਦੇ ਲੋਕਾਂ ਵੱਲੋਂ ਬਹੁਤ ਘੱਟ ਵਾਚਿਆ, ਪ੍ਰਚਾਰਿਆ ਅਤੇ ਗ੍ਰਹਿਣ ਕੀਤਾ ਗਿਆ। ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕਰੀਬ 645 ਵਰ੍ਹੇ ਪਹਿਲਾਂ ਭਗਤ ਰਵਿਦਾਸ ਵੱਲੋਂ ਉਚਾਰਨ ਕੀਤੀ ਬਾਣੀ ਅੱਜ ਵੀ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਦਾ ਸਰੋਤ ਹੈ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨਾ ਡਰੈ॥

ਭਾਵ 'ਗਰੀਬ ਨਿਵਾਜ਼' ਨੇ ਦਲਿਤ ਲੋਕਾਂ ਨੂੰ ਰਾਜਸੀ ਕੰਮਾਂ ਵਿੱਚ ਅਗਵਾਈ ਕਰਨ ਦਾ ਪੂਰਾ ਅਧਿਕਾਰ ਬਖਸ਼ਿਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਜਮਹੂਰੀ ਸ਼ਾਸਕ ਅਤੇ ਪ੍ਰਸ਼ਾਸਕ ਤੇ ਸੁਚਾਰੂ ਰਾਜਭਾਗ ਦਾ ਹੋਕਾ ਕਰੀਬ ਸਾਢੇ ਛੇ ਸੌ ਸਾਲ ਪਹਿਲਾਂ ਦੇ ਦਿੱਤਾ ਸੀ। ਅੱਜ ਜੋ ਮਨੁੱਖੀ ਹੱਕਾਂ-ਹਕੂਕਾਂ ਤੋਂ ਲੋਕਤੰਤਰ ਦੀ ਗੱਲ ਕੀਤੀ ਜਾਂਦੀ ਹੈ, ਉਸ ਦਾ ਪੂਰਨਾ ਵੀ ਉਨ੍ਹਾਂ ਨੇ ਉਦੋਂ ਹੀ ਆਪਣੀ ਬਾਣੀ ਰਾਹੀਂ ਪਾ ਦਿੱਤੀ ਸੀ :

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨੁ॥
ਛੋਟੇ ਬੜੇ ਸਬ ਸੰਗ ਬਸੈ, ਰਵਿਦਾਸ ਰਹੈਂ ਪ੍ਰਸੰਨ॥

ਉਨ੍ਹਾਂ ਆਪਣੀ ਬਾਣੀ ਵਿੱਚ ਆਦਰਸ਼ਵਾਦੀ ਰਾਜ ਪ੍ਰਬੰਧ ਦਾ ਵੀ ਚਿਤਰਣ ਕੀਤਾ :

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨਾ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੋਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਗਤ ਰਵਿਦਾਸ ਦੀ ਵਿਚਾਰਧਾਰਾ ਅਪਣਾ ਕੇ ਸਾਰੇ ਭੁਲੇਖਿਆਂ ਦਾ ਪੂਰਨ ਤੌਰ ਉੱਤੇ ਇਲਾਜ ਹੋ ਸਕਦਾ ਹੈ।

# ਸ਼ਹਿਰੀ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਧਿਰਾਂ ਨੂੰ ਸੋਚਣ ਲਾ ਦਿੱਤੈ





ਜਤਿੰਦਰ ਪੰਨੂ

ਪੰਜਾਬ ਵਿੱਚ ਲੋਕਤੰਤਰੀ ਪ੍ਰਕਿਰਿਆ ਹੇਠ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਾਸਤੇ ਪਿਛਲੇ ਚੌਦਾਂ ਫਰਵਰੀ ਨੂੰ ਵੋਟਾਂ ਪੈਣ ਅਤੇ ਸਤਾਰਾਂ ਨੂੰ ਨਤੀਜੇ ਨਿਕਲਣ ਨਾਲ ਕਈ ਕੁਝ ਸਾਫ ਹੋ ਗਿਆ ਹੈ। ਇਸ ਚੋਣ ਬਾਰੇ ਕਿਹਾ ਗਿਆ ਸੀ ਕਿ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਲੋਕਾਂ ਨੇ ਜਦੋਂ ਪੰਜ ਸਾਲ ਰਾਜ ਕਰਨ ਵਾਲੀ ਸਰਕਾਰ ਚੁਣਨੀ ਹੈ, ਉਨ੍ਹਾਂ ਚੋਣਾਂ ਲਈ ਇਹ ਇੱਕ ਤਰ੍ਹਾਂ ਦਾ ਸੈਮੀ-ਫਾਈਨਲ ਸੀ। ਪੰਜਾਬ ਦੇ ਅੱਠ ਵੱਡੇ ਸ਼ਹਿਰਾਂ ਦੇ ਲਈ ਮਿਉਂਸਪਲ ਕਾਰਪੋਰੇਸ਼ਨਾਂ ਤੇ ਇੱਕ ਸੌ ਨੌਂ ਛੋਟੇ ਸ਼ਹਿਰਾਂ, ਕਸਬਿਆਂ ਅਤੇ ਵੱਡੇ ਪਿੰਡਾਂ ਲਈ ਚੋਣ ਹੋਈ ਹੋਵੇ ਤਾਂ ਇਸ ਨੂੰ ਸੈਮੀ-ਫਾਈਨਲ ਕਹਿਣਾ ਗਲਤ ਨਹੀਂ ਹੈ। ਨਤੀਜੇ ਨਿਕਲੇ ਤਾਂ ਕਾਂਗਰਸ ਪਾਰਟੀ ਦੀ ਵੱਡੀ ਜਿੱਤ ਹੋਈ ਅਤੇ ਸਿਆਸਤ ਦੇ ਮੈਦਾਨ ਵਿੱਚ ਇਸ ਦਾ ਬਦਲ ਬਣਨ ਦੀਆਂ ਚਾਹਵਾਨ ਤਿੰਨੇ ਮੁੱਖ ਸਿਆਸੀ ਧਿਰਾਂ ਆਪਣੀ ਹਾਰ ਦਾ ਕਾਰਨ ਦੱਸਣ ਦੇ ਲਈ ਬਹਾਨੇ ਭਾਲ ਰਹੀਆਂ ਹਨ। ਆਪਣੀ ਹਾਰ ਦੇ ਅਸਲੀ ਕਾਰਨਾਂ ਦਾ ਉਨ੍ਹਾਂ ਨੂੰ ਵੀ ਪਤਾ ਹੈ, ਪਰ ਜਿਵੇਂ ਉਹ ਤਿੰਨੇ ਧਿਰਾਂ ਆਪੋ-ਆਪਣੀ ਹਾਰ ਦੇ ਅਸਲੀ ਕਾਰਨ ਨਹੀਂ ਮੰਨਦੀਆਂ ਅਤੇ ਹੋਰ ਬਹਾਨੇ ਭਾਲਦੀਆਂ ਫਿਰਦੀਆਂ ਹਨ, ਇਸੇ ਤਰ੍ਹਾਂ ਕਾਂਗਰਸ ਵੀ ਆਪਣੀ ਜਿੱਤ ਦੇ ਅਸਲ ਕਾਰਨ ਨਹੀਂ ਦੱਸਦੀ ਅਤੇ ਆਪਣੀ ਹਰਮਨ-ਪਿਆਰਤਾ ਦੀ ਡੁਗਡੁਗੀ ਵਜਾ ਕੇ ਖੁਸ਼ ਹੋਣਾ ਚਾਹੁੰਦੀ ਹੈ।

ਵੱਡੇ ਅੱਠ ਸ਼ਹਿਰਾਂ ਵਿੱਚੋਂ ਕਿਸੇ ਇੱਕ ਵਿੱਚ ਵੀ ਵਿਰੋਧੀ ਧਿਰ ਦੀ ਕਿਸੇ ਪਾਰਟੀ ਦੇ ਪੈਰ ਨਹੀਂ ਲੱਗ ਸਕੇ ਤੇ ਇਨ੍ਹਾਂ ਸਾਰੇ ਸ਼ਹਿਰਾਂ ਵਿੱਚ ਕਾਂਗਰਸ ਏਨੀ ਭਾਰੂ ਸਾਬਤ ਹੋਈ ਕਿ ਸੱਤਾਂ ਵਿੱਚ ਉਸ ਕੋਲ ਸਿੱਧੀ ਬਹੁ-ਗਿਣਤੀ ਅਤੇ ਅੱਠਵੇਂ ਵਿੱਚ ਸਭ ਤੋਂ ਵੱਡੀ ਪਾਰਟੀ ਹੋਣ ਕਾਰਨ ਆਜ਼ਾਦ ਵੀ ਉਸ ਨਾਲ ਆਣ ਜੁੜੇ ਹਨ। ਸਾਫ ਹੈ ਕਿ ਸਾਰੇ ਸ਼ਹਿਰਾਂ ਵਿੱਚ ਮੇਅਰ ਇਸ ਵਾਰੀ ਇਕੱਲੀ ਕਾਂਗਰਸ ਪਾਰਟੀ ਦੇ ਬਣਨਗੇ। ਪੰਜਾਬ ਦੀ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਦੇ ਸ਼ਹਿਰ ਪਠਾਨਕੋਟ ਦੀ ਮਿਉਂਸਪਲ ਕਾਰਪੋਰੇਸ਼ਨ ਵਿੱਚ ਵੀ ਕਾਂਗਰਸ ਅਠੱਤੀ ਸੀਟਾਂ ਜਿੱਤ ਗਈ ਅਤੇ ਭਾਜਪਾ ਨੂੰ ਮਸਾਂ ਗਿਆਰਾਂ ਮਿਲੀਆਂ ਹਨ, ਜਦ ਕਿ ਇੱਕ ਸੀਟ ਅਕਾਲੀ ਦਲ ਜਿੱਤਿਆ ਹੈ। ਹੁਸ਼ਿਆਰਪੁਰ ਵਿੱਚ ਕਾਂਗਰਸ ਪੰਜਾਹ ਵਿੱਚੋਂ ਇਕਤਾਲੀ ਸੀਟਾਂ ਜਿੱਤਣ ਵਿੱਚ ਸਫਲ ਰਹੀ ਤੇ ਭਾਜਪਾ ਨੂੰ ਸਿਰਫ ਚਾਰ ਸੀਟਾਂ ਮਿਲੀਆਂ ਹਨ। ਏਥੇ ਭਾਜਪਾ ਦੇ ਸਾਬਕਾ ਮੰਤਰੀ ਤੀਕਸ਼ਣ ਸੂਦ ਦੀ ਪਤਨੀ ਵੀ ਹਾਰ ਗਈ, ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਸਾਂਪਲਾ ਦੇ ਵਾਰਡ ਵਿੱਚ ਵੀ ਭਾਜਪਾ ਜਿੱਤ ਨਾ ਸਕੀ ਤੇ ਕਈ ਰਾਜਾਂ ਦੇ ਭਾਜਪਾ ਇੰਚਾਰਜ ਅਵਿਨਾਸ਼ ਖੰਨਾ ਦੇ ਵਾਰਡ ਤੋਂ ਵੀ ਭਾਜਪਾ ਉਮੀਦਵਾਰ ਹਾਰ ਗਿਆ ਹੈ। ਇਸ ਪਾਰਟੀ ਵੱਲੋਂ ਖੜੋਤੇ ਜ਼ਿਲਾ ਪੱਧਰ ਦੇ ਕਈ ਅਹੁਦੇਦਾਰ ਵੀ ਨਹੀਂ ਜਿੱਤੇ ਤਾਂ ਕਾਰਨ ਸਾਫ ਹੈ ਕਿ ਕਿਸਾਨ ਸੰਘਰਸ਼ ਦੌਰਾਨ ਇਸ ਪਾਰਟੀ ਦੇ ਪੰਜਾਬ ਵਾਲੇ ਲੀਡਰਾਂ ਨੇ ਜਿਵੇਂ ਆਪਣੀ ਕੇਂਦਰੀ ਲੀਡਰਸ਼ਿਪ ਨੂੰ ਖੁਸ਼ ਕਰਨ ਲਈ ਕੁੜੱਤਣ ਫੈਲਾਉਂਦੇ ਬਿਆਨ ਦਾਗਣ ਦਾ ਕੰਮ ਕੀਤਾ ਸੀ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਬਿਲਕੁਲ ਹੀ ਪਸੰਦ ਨਹੀਂ ਕੀਤਾ। ਭਾਜਪਾ ਦੇ ਆਗੂਆਂ ਵਿੱਚੋਂ ਜਿਨ੍ਹਾਂ ਨੂੰ ਸਮਝ ਪੈ ਗਈ ਕਿ ਇਸ ਵਾਰੀ ਪੰਜਾਬ ਦੇ ਲੋਕ ਇਸ ਪਾਰਟੀ ਨਾਲ ਨਾਰਾਜ਼ ਹਨ, ਉਨ੍ਹਾਂ ਵਿੱਚੋਂ ਕਈ ਇਸ ਪਾਰਟੀ ਵੱਲੋਂ ਟਿਕਟ ਲੈ ਕੇ ਵੀ ਆਜ਼ਾਦ ਉਮੀਦਵਾਰ ਬਣ ਕੇ ਚੋਣ ਲੜੇ ਤੇ ਸਾਰੀ ਚੋਣ ਦੌਰਾਨ ਭਾਜਪਾ ਦਾ ਜ਼ਿਕਰ ਤੱਕ ਨਹੀਂ ਸੀ ਕਰ ਰਹੇ, ਉਹ ਫਿਰ ਵੀ ਹਾਰ ਗਏ। ਕਾਰਨ ਇਹ ਸੀ ਕਿ ਉਹ ਜਿੰਨਾ ਮਰਜ਼ੀ ਲੁਕਾਉਂਦੇ ਰਹੇ, ਆਮ ਲੋਕਾਂ ਨੂੰ ਉਨ੍ਹਾਂ ਦਾ ਸਾਰਾ ਪਤਾ ਸੀ ਕਿ ਇਹ ਉਮੀਦਵਾਰ ਜਿੱਤ ਗਿਆ ਤਾਂ ਕੱਲ੍ਹ ਨੂੰ ਨਰਿੰਦਰ ਮੋਦੀ ਦੀ ਅਗਵਾਈ ਦੀ ਜਿੱਤ ਹੀ ਕਹੇਗਾ।

ਆਮ ਆਦਮੀ ਪਾਰਟੀ ਪਹਿਲੀ ਸਥਿਤੀ ਨੂੰ ਸੁਧਾਰਨ ਵਿੱਚ ਕਾਮਯਾਬ ਰਹੀ ਹੈ, ਪਰ ਪੰਜਾਬ ਦੀ ਇੱਕ ਵੀ ਸ਼ਹਿਰੀ ਸੰਸਥਾ ਵਿੱਚ ਆਪਣਾ ਪ੍ਰਧਾਨ ਚੁਣ ਸਕਣ ਦਾ ਮਾਣ ਨਹੀਂ ਖੱਟ ਸਕੀ। ਇਸ ਦੇ ਪੰਜਾਬ ਦੇ ਪ੍ਰਧਾਨ ਦੀ ਦੋ ਵਾਰ ਜਿੱਤੀ ਲੋਕ ਸਭਾ ਸੀਟ ਅਤੇ ਜਿਨ੍ਹਾਂ ਹਲਕਿਆਂ ਵਿੱਚ ਇਸ ਪਾਰਟੀ ਦੇ ਵਿਧਾਇਕ ਬੈਠੇ ਹਨ, ਉਨ੍ਹਾਂ ਵਿੱਚ ਵੀ ਪਾਰਟੀ ਤੋਂ ਜਿਸ ਤਰ੍ਹਾਂ ਦੀ ਕਾਰਗੁਜ਼ਾਰੀ ਦੀ ਆਸ ਸੀ, ਓਨੀ ਉਹ ਨਹੀਂ ਵਿਖਾ ਸਕੇ। ਇਸ ਨਾਲ ਪਾਰਟੀ ਨੂੰ ਸੋਚਣਾ ਪੈਣਾ ਹੈ ਕਿ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਸ ਨੂੰ ਕੀ ਕੁਝ ਕਰਨ ਦੀ ਲੋੜ ਹੈ ਤੇ ਇਹ ਵੀ ਕਿ ਦਿੱਲੀ ਤੋਂ ਇਸ ਪਾਰਟੀ ਦੀ ਲੀਡਰਸ਼ਿਪ ਜਿਹੜੇ ਤਜਰਬੇ ਕਰ ਰਹੀ ਹੈ, ਉਹ ਪੰਜਾਬ ਵਿੱਚ ਪਾਰਟੀ ਦਾ ਭਵਿੱਖ ਸੁਧਾਰਨ ਵਾਲੇ ਨਹੀਂ। ਪਹਿਲਾਂ ਇੱਕ ਸਾਊ ਆਦਮੀ ਜਰਨੈਲ ਸਿੰਘ ਨੂੰ ਪੰਜਾਬ ਦਾ ਇੰਚਾਰਜ ਲਾਇਆ ਅਤੇ ਫਿਰ ਉਸ ਨਾਲ ਸਹਾਇਕ ਇੰਚਾਰਜ ਇਹੋ ਜਿਹਾ ਵਿਅਕਤੀ ਲਾ ਦਿੱਤਾ, ਜਿਸ ਦੇ ਅੰਦਰੋਂ ਲੀਡਰੀ ਦੀ ਖਾਹਿਸ਼ ਉਬਾਲੇ ਖਾ ਕੇ ਬਾਹਰ ਨੂੰ ਨਿਕਲਦੀ ਅਤੇ ਬਾਕੀ ਸਾਰਿਆਂ ਦੇ ਪੈਰ ਮਿੱਧਣ ਦਾ ਪ੍ਰਭਾਵ ਦੇਂਦੀ ਹੈ। ਉਸ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਇਸ ਪਾਰਟੀ ਦਾ ਕੁਝ ਸੰਵਾਰਨ ਦੀ ਥਾਂ ਪਾਰਟੀ ਦੇ ਲਈ ਭਵਿੱਖ ਵਿੱਚ ਮੁਸ਼ਕਲਾਂ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ, ਜਿਸ ਬਾਰੇ ਲੀਡਰਸ਼ਿਪ ਨੂੰ ਸੋਚਣਾ ਪਵੇਗਾ।

ਇਸ ਤੋਂ ਪਹਿਲਾਂ ਕਿ ਆਪਣੇ ਆਪ ਨੂੰ ਕਾਂਗਰਸ ਦਾ ਬਦਲ ਦੱਸ ਕੇ ਖੁਸ਼ ਹੁੰਦੇ ਅਕਾਲੀ ਆਗੂਆਂ ਦਾ ਜ਼ਿਕਰ ਕੀਤਾ ਜਾਵੇ, ਇੱਕ ਗੱਲ ਇਨ੍ਹਾਂ ਚੋਣਾਂ ਬਾਰੇ ਹੋਰ ਕਰਨੀ ਬਣਦੀ ਹੈ। ਗਿਆਨੀ ਜ਼ੈਲ ਸਿੰਘ ਦੇ ਰਾਜ ਵੇਲੇ ਪੰਜਾਬ ਦੀ ਵਿਧਾਨ ਸਭਾ ਵਿੱਚ ਕਮਿਊਨਿਸਟਾਂ ਦੇ ਗਿਆਰਾਂ ਮੈਂਬਰ ਹੁੰਦੇ ਸਨ, ਅਗਲੀ ਵਾਰੀ ਦੋਂਹ ਪਾਰਟੀਆਂ ਦੇ ਮਿਲਾ ਕੇ ਪੰਦਰਾਂ ਜਣੇ ਹੋ ਗਏ ਤੇ ਓਦੋਂ ਅਗਲੀ ਵਾਰੀ ਚੌਦਾਂ ਜਿੱਤੇ ਸਨ, ਪਰ ਪਿਛਲੀਆਂ ਚਾਰ ਕੁ ਵਾਰੀਆਂ ਤੋਂ ਕੋਈ ਵੀ ਨਹੀਂ ਜਿੱਤ ਸਕਿਆ। ਸ਼ਹਿਰਾਂ ਦੇ ਲਈ ਤਾਜ਼ਾ ਚੋਣਾਂ ਵਿੱਚ ਪੰਜਾਬ ਵਿੱਚ ਕਿਸੇ ਵੀ ਥਾਂ ਉਹ ਕੋਈ ਸੀਟ ਨਹੀਂ ਜਿੱਤ ਸਕੇ, ਪਰ ਮਾਨਸਾ ਜ਼ਿਲੇ ਵਿਚਲੇ ਜੋਗਾ ਕਸਬੇ ਵਿੱਚ ਉਨ੍ਹਾਂ ਨੇ ਤੇਰਾਂ ਵਿੱਚੋਂ ਬਾਰਾਂ ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਆਜ਼ਾਦੀ ਲਹਿਰ ਦੌਰਾਨ ਪਰਜਾ ਮੰਡਲ ਲਹਿਰ ਦੇ ਮੋਹਰੀ ਆਗੂ ਕਾਮਰੇਡ ਜਗੀਰ ਸਿੰਘ ਜੋਗਾ ਦੇ ਇਸ ਪਿੰਡ ਦੀ ਚੋਣ ਵਿੱਚ ਸੀ ਪੀ ਆਈ ਉਮੀਦਵਾਰਾਂ ਦੀ ਇਸ ਸ਼ਾਨਦਾਰ ਜਿੱਤ ਦੇ ਕਈ ਅਰਥ ਨਿਕਲੇ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਦਾ ਆਧਾਰ ਅਜੇ ਵੀ ਕਾਇਮ ਹੈ। ਕਿਸਾਨਾਂ ਦੇ ਸੰਘਰਸ਼ ਦੌਰਾਨ ਖੱਬੇ ਪੱਖੀਆਂ ਦੀ ਸਰਗਰਮੀ ਜਿਸ ਤਰ੍ਹਾਂ ਲਗਾਤਾਰ ਰਹੀ ਅਤੇ ਜਿਹੜੇ ਸਿਰੜ ਦਾ ਇਨ੍ਹਾਂ ਦਾ ਪ੍ਰਭਾਵ ਆਮ ਲੋਕਾਂ ਉੱਤੇ ਪਿਆ ਹੈ, ਇਸ ਜਿੱਤ ਵਿੱਚ ਉਸ ਪ੍ਰਭਾਵ ਦਾ ਵੀ ਤਕੜਾ ਯੋਗਦਾਨ ਹੈ।

ਅਖੀਰ ਵਿੱਚ ਅਕਾਲੀ ਦਲ ਦੀ ਗੱਲ ਕਰਨੀ ਬਣਦੀ ਹੈ। ਇਸ ਪਾਰਟੀ ਨੇ ਇਹ ਦਾਅਵਾ ਕਰ ਦਿੱਤਾ ਹੈ ਕਿ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਇਹੋ ਪਾਰਟੀ ਕਾਂਗਰਸ ਦਾ ਅਸਲ ਬਦਲ ਬਣ ਸਕਦੀ ਹੈ। ਇਹੋ ਜਿਹੇ ਦਾਅਵੇ ਕਰਨ ਵਾਲੀ ਪਾਰਟੀ ਨੂੰ ਇਨ੍ਹਾਂ ਚੋਣਾਂ ਵਿੱਚ ਵੱਡੇ ਝਟਕੇ ਲੱਗੇ ਹਨ। ਬਠਿੰਡਾ ਸ਼ਹਿਰ ਤਰੇਹਠ ਸਾਲਾਂ ਤੱਕ ਅਕਾਲੀ ਦਲ ਦੀ ਪ੍ਰਧਾਨਗੀ ਹੇਠ ਰਿਹਾ ਸੀ, ਇਸ ਵਾਰ ਇਨ੍ਹਾਂ ਕੋਲੋਂ ਖੁੱਸ ਗਿਆ ਤਾਂ ਉਸ ਦੇ ਬਹਾਨੇ ਲੱਭੇ ਜਾ ਸਕਦੇ ਹਨ, ਪਰ ਮੁਕਤਸਰ ਸਾਹਿਬ, ਮਲੋਟ ਅਤੇ ਹੋਰ ਤਾਂ ਹੋਰ, ਜਲਾਲਾਬਾਦ ਵਰਗਾ ਸ਼ਹਿਰ, ਜਿੱਥੇ ਅਕਾਲੀ ਦਲ ਦਾ ਪ੍ਰਧਾਨ ਭਵਿੱਖ ਦਾ ਮੁੱਖ ਮੰਤਰੀ ਬਣਨ ਦੀ ਝਾਕ ਵਿੱਚ ਲਗਾਤਾਰ ਕੈਂਪ ਲਾ ਕੇ ਬੈਠਾ ਰਿਹਾ ਸੀ, ਓਥੇ ਵੀ ਹਾਰ ਝੱਲਣੀ ਪੈ ਗਈ ਹੈ। ਕਾਂਗਰਸ ਪਾਰਟੀ ਓਥੇ ਸਤਾਰਾਂ ਵਿੱਚੋਂ ਗਿਆਰਾਂ ਸੀਟਾਂ ਜਿੱਤ ਗਈ ਅਤੇ ਅਕਾਲੀ ਦਲ ਨੂੰ ਸਿਰਫ ਪੰਜ ਮਿਲੀਆਂ ਹਨ ਤਾਂ ਅਕਾਲੀ ਲੀਡਰਸ਼ਿਪ ਨੇ ਇਸ ਦਾ ਕਾਰਨ ਕਾਂਗਰਸ ਪਾਰਟੀ ਵੱਲੋਂ ਧੱਕੇਸ਼ਾਹੀ ਅਤੇ ਪੁਲਸ ਅਤੇ ਪ੍ਰਸ਼ਾਸਨ ਦੀ ਦੁਰਵਰਤੋਂ ਦੱਸਿਆ ਹੈ। ਮਾਝੇ ਵਿੱਚ ਏਸੇ ਪਾਰਟੀ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿੱਚ ਮਜੀਠਾ ਦੀ ਨਗਰ ਕੌਂਸਲ ਦੀਆਂ ਤੇਰਾਂ ਸੀਟਾਂ ਵਿੱਚੋਂ ਦਸ ਅਕਾਲੀ ਦਲ ਨੇ ਜਿੱਤੀਆਂ ਹਨ, ਪ੍ਰਸ਼ਾਸਨ ਦੀ ਦੁਰਵਰਤੋਂ ਹੋਈ ਹੁੰਦੀ ਤਾਂ ਓਥੇ ਵੀ ਕੀਤੀ ਜਾਣੀ ਸੀ ਤੇ ਬਿਕਰਮ ਸਿੰਘ ਨਾਲ ਕਾਂਗਰਸ ਦੀ ਕੁੜੱਤਣ ਉਂਜ ਵੀ ਸਿਖਰਾਂ ਉੱਤੇ ਹੈ, ਉਹ ਫਿਰ ਵੀ ਜਿੱਤ ਗਿਆ ਹੈ। ਸੁਖਬੀਰ ਸਿੰਘ ਬਾਦਲ ਨੂੰ ਹਕੀਕਤਾਂ ਨਾਲ ਅੱਖ ਮਿਲਾਉਣ ਦਾ ਹੌਸਲਾ ਦਿਖਾਉਣਾ ਚਾਹੀਦਾ ਹੈ ਤੇ ਹਕੀਕਤਾਂ ਇਹ ਹਨ ਕਿ ਜਿਨ੍ਹਾਂ ਸ਼ਹਿਰਾਂ ਵਿੱਚ ਕਿਸੇ ਵੀ ਕਿਸਮ ਦਾ ਕੋਈ ਰੌਲਾ ਨਹੀਂ ਪਿਆ, ਉਨ੍ਹਾਂ ਵਿੱਚ ਵੀ ਅਕਾਲੀ ਦਲ ਨੂੰ ਲੋਕਾਂ ਨੇ ਵੋਟਾਂ ਪਾਉਣ ਲਈ ਯੋਗ ਧਿਰ ਨਹੀਂ ਮੰਨਿਆ ਤੇ ਆਗੂ ਦੇ ਪੱਲੇ ਉੱਤੇ ਲੱਗੇ ਹੋਏ ਦਾਗ ਇਸ ਪਾਰਟੀ ਲਈ ਘਾਤਕ ਸਾਬਤ ਹੋਏ ਹਨ। ਇਸ ਪੱਖ ਤੋਂ ਪਾਰਟੀ ਅੰਦਰਲੇ ਸੀਨੀਅਰ ਆਗੂਆਂ ਨੂੰ ਨਵੇਂ ਸਿਰਿਉਂ ਸੋਚਣ ਅਤੇ ਫੈਸਲੇ ਲੈਣ ਦੀ ਲੋੜ ਪੈ ਸਕਦੀ ਹੈ।

ਮੁੜ ਕੇ ਆਈਏ ਕਾਂਗਰਸ ਪਾਰਟੀ ਦੇ ਇਸ ਵਹਿਮ ਵੱਲ ਕਿ ਆਮ ਲੋਕਾਂ ਵਿੱਚ ਇਸ ਪਾਰਟੀ ਦੇ ਹਰਮਨ ਪਿਆਰੇ ਹੋਣ ਦਾ ਸਿੱਟਾ ਇਨ੍ਹਾਂ ਚੋਣਾਂ ਵਿੱਚ ਜਿੱਤਾਂ ਦੇ ਰੂਪ ਵਿੱਚ ਨਿਕਲਿਆ ਹੈ। ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਪਾਰਟੀ ਦੀ ਹਰਮਨ ਪਿਆਰਤਾ ਏਨੀ ਤਕੜੀ ਸੀ ਤਾਂ ਆਨੰਦਪੁਰ ਸਾਹਿਬ ਵਿੱਚ ਸਾਰੇ ਦੇ ਸਾਰੇ ਆਜ਼ਾਦ ਉਮੀਦਵਾਰ ਹੀ ਜਿੱਤਦੇ ਗਏ ਹਨ ਤੇ ਹੋਰ ਪਾਰਟੀਆਂ ਦੇ ਨਾਲ ਕਾਂਗਰਸ ਦੀ ਝੋਲੀ ਵੀ ਖਾਲੀ ਰਹੀ ਹੈ, ਓਥੇ ਹਰਮਨ ਪਿਆਰਤਾ ਕਿੱਧਰ ਚਲੀ ਗਈ ਸੀ! ਖਬਰਾਂ ਕਹਿੰਦੀਆਂ ਹਨ ਕਿ ਸ੍ਰੀ ਹਰਗੋਬਿੰਦਪੁਰ ਵਿੱਚ ਤੇਰਾਂ ਵਿੱਚੋਂ ਬਾਰਾਂ ਜਣੇ ਆਜ਼ਾਦ ਜਿੱਤੇ ਹਨ ਅਤੇ ਇਹ ਆਜ਼ਾਦ ਵੀ ਉਹੀ ਹਨ, ਜਿਹੜੇ ਟਰੈਕਟਰ ਦੇ ਚੋਣ ਨਿਸ਼ਾਨ ਉੱਤੇ ਚੋਣ ਲੜੇ ਸਨ। ਓਥੇ ਕਾਂਗਰਸ ਦੇ ਪੈਰ ਕਾਹਤੋਂ ਨਾ ਲੱਗ ਸਕੇ, ਇਹ ਗੱਲ ਵੀ ਕਾਂਗਰਸੀ ਆਗੂਆਂ ਨੂੰ ਸੋਚਣੀ ਚਾਹੀਦੀ ਹੈ। ਰਾਜ ਕਰਦੀ ਪਾਰਟੀ ਚੋਣਾਂ ਵਿੱਚ ਹਮੇਸ਼ਾਂ ਧੱਕੇਸ਼ਾਹੀ ਕਰਨ ਵਾਸਤੇ ਯਤਨ ਕਰਦੀ ਹੁੰਦੀ ਹੈ, ਇਸ ਵਾਰੀ ਵੀ ਇਸ ਦੀਆਂ ਖਬਰਾਂ ਆਈਆਂ ਸਨ, ਫਿਰ ਵੀ ਕਈ ਸ਼ਹਿਰਾਂ ਵਿੱਚ ਖਬਰਾਂ ਬਣਨ ਜੋਗੇ ਰੌਲੇ ਤੋਂ ਬਿਨਾਂ ਇਹ ਪਾਰਟੀ ਸਭ ਸੀਟਾਂ ਨੂੰ ਹੂੰਝਾ ਮਰਨ ਵਿੱਚ ਕਾਮਯਾਬ ਰਹੀ ਹੈ ਤਾਂ ਉਸ ਤੋਂ ਇਹ ਬਹੁਤੀ ਖੁਸ਼ ਨਾ ਹੋਵੇ, ਆਪਣੀਆਂ ਕਮਜ਼ੋਰੀਆਂ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕਰੇ। ਇਹ ਆਮ ਕਿਹਾ ਜਾਂਦਾ ਹੈ ਕਿ ਜਦੋਂ ਰਾਜ ਕਰਦੀ ਪਾਰਟੀ ਆਮ ਚੋਣਾਂ ਤੋਂ ਪਹਿਲੇ ਸਾਲ ਵਿੱਚ ਵੱਡੀਆਂ ਜਿੱਤਾਂ ਜਿੱਤਦੀ ਹੈ ਤਾਂ ਉਹ ਇਸੇ ਵਹਿਮ ਹੇਠ ਕੰਮ ਕਰਨਾ ਛੱਡ ਕੇ ਅਗਲੀ ਵਾਰੀ ਫਿਰ ਪੱਕੀ ਜਿੱਤ ਦੇ ਸੁਫਨੇ ਲੈਣ ਲੱਗ ਜਾਂਦੀ ਹੁੰਦੀ ਹੈ। ਇਹੋ ਸੁਫਨੇ ਉਸ ਦੇ ਜੜ੍ਹੀਂ ਬੈਠ ਜਾਇਆ ਕਰਦੇ ਹਨ ਤੇ ਫਿਰ ਉਹ 'ਹਰਮਨ ਪਿਆਰਤਾ' ਦੇ ਵਹਿਮ ਕਾਰਨ ਹੀ ਏਦਾਂ ਦੀ ਸੱਟ ਖਾ ਜਾਂਦੀ ਹੈ ਕਿ ਉਸ ਨੂੰ ਲੋਕਾਂ ਮੂਹਰੇ ਜਾਣ ਲਈ ਬਹਾਨਾ ਵੀ ਨਹੀਂ ਲੱਭਦਾ ਹੁੰਦਾ। ਕਾਂਗਰਸ ਵੀ ਅੱਜਕੱਲ੍ਹ ਇਸੇ ਵਹਿਮ ਦੀ ਸ਼ਿਕਾਰ ਜਾਪਦੀ ਹੈ।

ਲੋਕਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਹੋਏ ਸੈਮੀ-ਫਾਈਨਲ ਵਰਗੇ ਚੋਣ-ਘੋਲ ਵਿੱਚ ਜਿਸ ਤਰ੍ਹਾਂ ਦਾ ਫਤਵਾ ਦਿੱਤਾ ਹੈ, ਉਸ ਤੋਂ ਇੱਕ ਨਵੀਂ ਚਰਚਾ ਵੀ ਛਿੜੀ ਹੈ ਕਿ ਕਿਸਾਨ ਸੰਘਰਸ਼ ਦੇ ਪ੍ਰਭਾਵ ਹੇਠ ਕਿਸੇ ਇੱਕ ਨਵੀਂ ਸਿਆਸੀ ਧਿਰ ਦਾ ਜਨਮ ਵੀ ਹੋ ਸਕਦਾ ਹੈ। ਸ੍ਰੀ ਹਰਗੋਬਿੰਦਪੁਰ ਦੇ ਚੋਣ-ਤਜਰਬੇ ਹੇਠ ਜੇ ਚਾਰ ਕਿਸਾਨ ਆਗੂ ਹੀ ਕੇਜਰੀਵਾਲ ਬਣਨ ਦਾ ਸੁਫਨਾ ਲੈ ਕੇ ਟਰੈਕਟਰ ਦਾ ਚੋਣ-ਨਿਸ਼ਾਨ ਚੁੱਕ ਕੇ ਤੁਰ ਪਏ ਤਾਂ ਦਮਗਜ਼ੇ ਮਾਰਨ ਵਾਲੀਆਂ ਧਿਰਾਂ ਦੇ ਆਗੂਆਂ ਨੂੰ ਭੱਜਿਆਂ ਰਾਹ ਨਹੀਂ ਲੱਭਣਾ। ਅਜੇ ਇਹ ਸਿਰਫ ਚਰਚਾ ਹੈ, ਕੱਲ੍ਹ ਨੂੰ ਕੀ ਹੋਵੇਗਾ, ਕੋਈ ਨਹੀਂ ਜਾਣਦਾ ਤੇ ਉਸ ਕੱਲ੍ਹ ਤੋਂ ਪਹਿਲਾਂ ਸਿਆਸੀ ਧਿਰਾਂ ਕੋਲ ਸੋਚਣ ਜੋਗਾ ਵਕਤ ਹੈ। ਚੋਣਾਂ ਨੇ ਸੋਚਣ ਦਾ ਮੌਕਾ ਸਭ ਨੂੰ ਦੇ ਦਿੱਤਾ ਹੈ।

# ਚੌਗਿਰਦੇ ਦੀ ਕੀਮਤ ਉੱਤੇ ਵਿਕਾਸ ਨਹੀਂ ਹੋ ਸਕਦਾ

-ਪੂਨਮ ਆਈ ਕੌਸ਼ਿਸ਼-

ਉਤਰਾਖੰਡ ਵਿੱਚ ਮੌਤ ਦਾ ਨੰਗਾ ਨਾਚ ਵੇਖਣ ਨੂੰ ਮਿਲਿਆ ਹੈ। ਇਸ ਰਾਜ ਵਿੱਚ ਏਦਾਂ ਦੀਆਂ ਦੁਰਘਟਾਨਵਾਂ ਦੀ ਸੰਭਾਵਨਾ ਪਹਿਲਾਂ ਤੋਂ ਸੀ। ਲੋਕਾਂ ਵਿੱਚ ਗੁੱਸਾ, ਤਿੱਖਾ ਦਰਦ ਤੇ ਨਿਰਾਸ਼ਾ ਹੈ। ਇਸ ਆਫਤ ਦਾ ਜ਼ਿਕਰ ਕਰਨ ਲਈ ਸ਼ਬਦ ਨਹੀਂ ਹਨ। ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਤਪੋਵਨ ਦੇ ਰੇਣੀ ਖੇਤਰ ਵਿੱਚ ਗਲੇਸ਼ੀਅਰ ਟੁੱਟਣ ਨਾਲ ਮੌਤ ਦਾ ਤਾਂਡਵ ਵੇਖਿਆ ਗਿਆ ਹੈ। ਇਸ ਦੁਰਘਟਨਾ ਵਿੱਚ 206 ਤੋਂ ਵੱਧ ਲੋਕ ਗਾਇਬ ਹੋਏ, 60 ਕੁ ਲਾਸ਼ਾਂ ਕੱਢੀਆਂ ਗਈਆਂ ਹਨ ਅਤੇ ਬਾਕੀ ਲੋਕਾਂ ਦੀ ਭਾਲ ਜਾਰੀ ਹੈ। ਕਈ ਘਰਾਂ ਨੂੰ ਨੁਕਸਾਨ ਪੁੱਜਾ ਹੈ।

ਧੌਲੀ ਗੰਗਾ ਅਤੇ ਅਲਕਨੰਦਾ ਦਰਿਆਵਾਂ ਵਿੱਚ ਭਾਰੀ ਹੜ੍ਹ ਆ ਗਿਆ ਸੀ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਪ੍ਰਮਾਤਮਾ ਦਾ ਮਨੁੱਖੀ ਭੁੱਲਾਂ ਨੂੰ ਸੁਧਾਰਨ ਦਾ ਇੱਕ ਤਰੀਕਾ ਹੈ। ਕੁਝ ਲੋਕ ਇਸ ਲਈ ਸਰਕਾਰ ਨੂੰ ਜ਼ਿੰਮੇਵਾਰ ਮੰਨਦੇ ਹਨ। ਪਿੰਡਾਂ ਵਾਲੇ ਇਸ ਆਫਤ ਨਾਲ ਜੂਝ ਰਹੇ ਹਨ। ਨੇਤਾ ਸਿਆਸੀ ਕੰਮਾਂ ਵਿੱਚ ਰੁਝੇ ਹੋਏ ਹਨ। ਉਹ ਸਰਕਾਰ ਅਤੇ ਕਿਸਾਨਾਂ ਵਿਚਾਲੇ ਡੈਡਲਾਕ ਵਿੱਚ ਉਲਝੇ ਹੋਏ ਹਨ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਨੇ ਕੇਂਦਰ ਵੱਲੋਂ ਕਿਸਾਨਾਂ ਦੇ ਮੁੱਦੇ ਦੇ ਹੱਲ ਲਈ ਚੁੱਕੇ ਗਏ ਕਦਮਾਂ ਲਈ ਸਰਕਾਰ ਦੀ ਖਿਚਾਈ ਕੀਤੀ ਤਾਂ ਸਰਕਾਰ ਨੇ ਇਸ ਨੂੰ ਕੌਮਾਂਤਰੀ ਸਾਜ਼ਿਸ਼ ਦੱਸਿਆ ਹੈ।

ਉਤਰਾਖੰਡ ਦੀਆਂ ਮੌਤਾਂ ਉੱਤੇ ਹਰ ਕੋਈ ਦੁੱਖ ਪ੍ਰਗਟ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਸ ਆਫਤ ਉੱਤੇ ਨਜ਼ਰ ਰੱਖੀ ਹੋਈ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਥਿਤੀ ਦੀ ਸਮੇਂ-ਸਮੇਂ ਸਮੀਖਿਆ ਕਰਦੇ ਰਹੇ ਹਨ। ਵਿਰੋਧੀ ਧਿਰ ਦੇ ਆਗੂਆਂ ਨੇ ਵੀ ਇਸ ਉੱਤੇ ਅਫਸੋਸ ਪ੍ਰਗਟ ਕੀਤਾ। ਲੋਕਾਂ ਨੂੰ ਮਦਦ ਦੇਣ ਦਾ ਭਰੋਸਾ ਵੀ ਦਿੱਤਾ ਗਿਆ ਹੈ। ਸਰਕਾਰ ਨੇ ਇੱਕ ਆਫਤ ਪ੍ਰਬੰਧਕੀ ਟੀਮ ਬਣਾਈ ਹੈ। ਹਵਾਈ ਜਹਾਜ਼ ਰਾਹੀਂ ਰਾਸ਼ਨ ਭੇਜਿਆ ਗਿਆ ਹੈ। ਸਭ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਉਨ੍ਹਾਂ ਨੇ ਆਪਣਾ ਫਰਜ਼ ਨਿਭਾਅ ਦਿੱਤਾ ਹੈ। ਫੌਜ, ਹਵਾਈ ਫੌਜ, ਰਾਸ਼ਟਰੀ ਆਫਤ ਪ੍ਰਬੰਧਕੀ ਫੋਰਸ ਅਤੇ ਆਈ ਟੀ ਬੀ ਪੀ ਦੇ ਜਵਾਨ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਹਨ।

ਇਸ ਦੌਰਾਨ ਇੱਕ ਵਿਚਾਰਯੋਗ ਸਵਾਲ ਇਹ ਉਠਦਾ ਹੈ ਕਿ ਕੀ ਸੱਚ-ਮੁੱਚ ਕੋਈ ਅਜਿਹੀਆਂ ਆਫਤਾਂ ਦੀ ਪ੍ਰਵਾਹ ਕਰਦਾ ਹੈ? ਉਤਰਾਖੰਡ ਵਿੱਚ ਬੱਦਲ ਫੱਟਣਾ, ਢਿੱਗਾਂ ਡਿੱਗਣੀਆਂ ਅਤੇ ਅਚਾਨਕ ਹੜ੍ਹ ਆਉਣਾ ਇੱਕ ਆਮ ਗੱਲ ਹੈ। ਇਸ ਕਾਰਨ ਹਜ਼ਾਰਾਂ ਲੋਕ ਆਪਣੀ ਜਾਨ ਗੁਆ ਬੈਠਦੇ ਹਨ। ਲੱਖਾਂ ਬੇਘਰ ਹੋ ਜਾਂਦੇ ਹਨ। ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਹੋ ਜਾਂਦੀ ਹੈ। ਸਰਕਾਰ ਉਦੋਂ ਹੀ ਕਦਮ ਕਿਉਂ ਚੁੱਕਦੀ ਹੈ, ਜਦੋਂ ਲੋਕ ਜਾਨਾਂ ਗੁਆ ਬੈਠਦੇ ਹਨ? ਵਧੇਰੇ ਨੇਤਾ ਇਸ ਗੱਲ ਤੋਂ ਜਾਣੂ ਨਹੀਂ ਹਨ ਕਿ ਹਿਮਾਲਿਆ ਖੇਤਰ ਉੱਤੇ ਸਭ ਤੋਂ ਘੱਟ ਧਿਆਨ ਦਿੱਤਾ ਗਿਆ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਅਸੀਂ ਕਿੰਨੇ ਨਜ਼ਰ ਅੰਦਾਜ਼ ਹਾਂ। ਹੁਕਮਰਾਨ ਬੁਨਿਆਦੀ ਸੁਝਾਵਾਂ ਨੂੰ ਵੀ ਲਾਗੂ ਕਿਉਂ ਨਹੀਂ ਕਰਦੇ? ਸਰਕਾਰ ਨੇ ਬੱਦਲ ਫੱਟਣ, ਭੂਚਾਲ ਆਉਣ ਅਤੇ ਹੜ੍ਹ ਆਦਿ ਲਈ ਲੰਬੇ ਸਮੇਂ ਦੀ ਰਣਨੀਤੀ ਕਿਉਂ ਨਹੀਂ ਬਣਾਈ। ਸਭ ਨੂੰ ਪਤਾ ਹੈ ਕਿ ਇਹ ਲੱਗਭਗ ਹਰ ਸਾਲ ਆਉਣ ਵਾਲੀਆਂ ਆਫਤਾਂ ਹਨ। ਸਿਆਸਤਦਾਨ ਇਹ ਕਿਉਂ ਮੰਨ ਲੈਂਦੇ ਹਨ ਕਿ ਪੈਸਾ ਪ੍ਰਵਾਨ ਕਰਨ ਨਾਲ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ? ਕੀ ਉਹ ਮੰਨਦੇ ਹਨ ਕਿ ਨਾ ਕੇਂਦਰੀ ਆਫਤ ਪ੍ਰਬੰਧ ਅਥਾਰਟੀ ਅਤੇ ਨਾ ਸੂਬਾ ਆਫਤ ਪ੍ਰਬੰਧਕੀ ਬੋਰਡ ਕਿਸੇ ਵੀ ਯੋਜਨਾ ਨੂੰ ਢੁੱਕਵੇਂ ਢੰਗ ਨਾਲ ਲਾਗੂ ਕਰਦੇ ਹਨ?

ਇਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਪਰ ਕਿਸੇ ਉੱਤੇ ਅਸਰ ਨਹੀਂ ਪੈਂਦਾ। ਪਿਛਲੇ ਸਾਲ ਰਿਸ਼ੀ ਗੰਗਾ ਤਪੋਵਨ ਜਲ ਬਿਜਲੀ ਯੋਜਨਾ ਵਿਰੁੱਧ ਉਤਰਾਖੰਡ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਇਰ ਹੋਈ ਸੀ। ਉਸ ਵਿੱਚ ਦੋਸ਼ ਲਾਇਆ ਗਿਆ ਕਿ ਇਸ ਯੋਜਨਾ ਦੀ ਉਸਾਰੀ ਕਰ ਰਹੀ ਨਿੱਜੀ ਕੰਪਨੀ ਚੌਗਿਰਦੇ ਲਈ ਖਤਰਨਾਕ ਉਸਾਰੀ ਵਾਲੇ ਢੰਗ ਵਰਤ ਰਹੀ ਹੈ। ਇਸ ਕਾਰਨ ਨੰਦਾ ਦੇਵੀ ਬਾਯੋਸਫਰ ਰਿਜ਼ਰਵ ਅਤੇ ਫੁੱਲਾਂ ਦੀ ਘਾਟੀ ਦੇ ਦੁਆਲੇ ਦੇ ਨਾਜ਼ੁਕ ਖੇਤਰਾਂ ਨੂੰ ਨੁਕਸਾਨ ਹੋ ਰਿਹਾ ਹੈ। ਇਸ ਦੇ ਬਾਵਜੂਦ ਅਧਿਕਾਰੀਆਂ ਨੇ ਇਸ ਕੰਪਨੀ ਨੂੰ ਕਲੀਨ ਚਿਟ ਦੇ ਦਿੱਤੀ। ਗਲੇਸ਼ੀਅਰ ਵਿਗਿਆਨੀਆਂ ਨੇ ਇਸ ਬਾਰੇ ਚਿਤਾਵਨੀ ਦਿੱਤੀ ਸੀ ਕਿ ਏਦਾਂ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਤਾਜ਼ਾ ਘਟਨਾ ਸਰਦੀਆਂ ਦੇ ਮੌਸਮ ਵਿੱਚ ਹੋਈ ਹੈ। ਇਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਧਰਤੀ ਦਾ ਤਾਪਮਾਨ ਵਧੀ ਜਾ ਰਿਹਾ ਹੈ। ਸਰਦੀਆਂ ਦੇ ਮੌਸਮ ਵਿੱਚ ਉੱਤਰੀ ਪੱਛਮੀ ਹਿਮਾਲਿਆ ਦਾ ਤਾਪਮਾਨ ਵੀ ਵਧ ਰਿਹਾ ਹੈ। ਸਨੋਅ ਐਂਡ ਐਵਲਾਂਚ ਸਟੱਡੀ ਐਸਟੈਬਲਿਸ਼ਮੈਂਟ ਚੰਡੀਗੜ੍ਹ ਮੁਤਾਬਕ ਪਿਛਲੇ 25 ਸਾਲਾਂ ਵਿੱਚ ਉੱਤਰੀ-ਪੂਰਬੀ ਹਿਮਾਲਿਆ ਦਾ ਤਾਪਮਾਨ ਵਧਿਆ ਹੈ। ਇਹ ਹੀ ਰਾਏ ਬੈਂਗਲੁਰੂ ਦੇ ਦਿਵੇਚਾ ਸੈਂਟਰ ਫਾਰ ਕਲਾਈਮੇਟ ਚੇਂਜ ਨੇ ਵੀ ਪ੍ਰਗਟ ਕੀਤੀ ਹੈ। ਇਸ ਖੇਤਰ ਦੇ ਔਸਨ ਤਾਪਮਾਨ ਵਿੱਚ 0.66 ਡਿਗਰੀ ਸੈਂਟੀਗ੍ਰੇਡ ਵਧ ਗਿਆ ਹੈ। ਇਹ ਕੌਮਾਂਤਰੀ ਔਸਤ ਤੋਂ ਕਾਫੀ ਵੱਧ ਹੈ।

ਅਸਲ ਵਿੱਚ ਵਿਗਿਆਨੀ ਸਰਕਾਰ ਉੱਤੇ ਦੋਸ਼ ਲਾਉਂਦੇ ਹਨ ਕਿ ਸਰਕਾਰ ਨੇ ਇਸ ਪੂਰੇ ਖੇਤਰ ਨੂੰ ਇੱਕ ਸੋਮਿਆਂ ਦਾ ਖੇਤਰ ਬਣਾ ਦਿੱਤਾ ਹੈ। ਇਸ ਹਾਲਾਤ ਦੀ ਅਹਿਮੀਅਤ ਵੱਲ ਧਿਆਨ ਨਹੀਂ ਦਿੱਤਾ ਗਿਆ। ਸਰਕਾਰ ਇਸ ਖੇਤਰ ਨੂੰ ਬੰਜਰ ਖੇਤਰ ਮੰਨਦੀ ਹੈ, ਜੋ ਘੱਟ ਕਾਰਬਨ ਵਾਲੀ ਊਰਜਾ ਦੀ ਸਪਲਾਈ ਦਾ ਸੋਮਾ ਬਣ ਸਕਦਾ ਹੈ। ਸਰਕਾਰ ਨੇ ਇਸ ਤੱਥ ਵੱਲ ਧਿਆਨ ਨਹੀਂ ਦਿੱਤਾ ਅਤੇ ਇਥੇ ਮੂਲ ਢਾਂਚਿਆਂ ਤੇ ਬਿਜਲੀ ਦੀਆਂ ਯੋਜਨਾਵਾਂ ਰਾਹੀਂ ਖੇਤਰ ਨੂੰ ਨੁਕਸਾਨ ਪੁਚਾਉਣਾ ਜਾਰੀ ਰੱਖਿਆ ਹੈ। ਜਿੱਥੇ ਇਸ ਉਸਾਰੀ ਦਾ ਕੰਮ ਹੋ ਰਿਹਾ ਹੈ, ਉਥੇ ਕੁਦਰਤੀ ਤਾਕਤਾਂ ਆਪਣੀ ਖੇਡ ਖੇਡਦੀਆਂ ਹਨ।

2014 ਵਿੱਚ ਸੁਪਰੀਮ ਕੋਰਟ ਵੱਲੋਂ ਬਣੀ ਉਚ ਅਧਿਕਾਰੀ ਕਮੇਟੀ ਨੇ 2013 ਵਿੱਚ ਕੇਦਾਰਨਾਥ ਵਿਖੇ ਆਏ ਹੜ੍ਹ ਪਿੱਛੋਂ ਸਿਫਾਰਿਸ਼ ਕੀਤੀ ਸੀ ਕਿ 2000 ਮੀਟਰ ਤੋਂ ਵੱਧ ਉਚਾਈ ਉੱਤੇ 24 ਜਲ ਬਿਜਲੀ ਯੋਜਨਾਵਾਂ ਵਿੱਚੋਂ 23 ਨੂੰ ਰੱਦ ਕਰ ਦਿੱਤਾ ਜਾਵੇ, ਪਰ ਸਰਕਾਰ ਨੇ ਇਨ੍ਹਾਂ ਸਿਫਾਰਿਸ਼ਾਂ ਨੂੰ ਬੇਧਿਆਨ ਕਰ ਦਿੱਤਾ। ਅਸਲ ਵਿੱਚ ਚਮੌਲੀ ਦੀ ਤਾਜ਼ਾ ਆਫਤ ਇੱਕ ਚਿਤਾਵਨੀ ਹੈ ਕਿ ਅਸੀਂ ਆਪਣੀਆਂ ਵਿਕਾਸ ਦੀਆਂ ਪਹਿਲਕਦਮੀਆਂ ਠੀਕ ਕਰੀਏ। ਇਹ ਭੂਗੋਲਿਕ ਪੱਖੋਂ ਨਾਜ਼ਕ ਖੇਤਰਾਂ ਦੇ 100 ਫੀਸਦੀ ਵਿਕਾਸ ਵਿੱਚ ਸਾਡੀ ਅਸਮਰੱਥਾ ਨੂੰ ਵੀ ਦਰਸਾਉਂਦਾ ਹੈ। ਇਹ ਉਤਰਾਖੰਡ ਦੇ ਦਰਿਆਵਾਂ ਦੀਆਂ ਘਾਟੀਆਂ ਵਿੱਚ ਅੰਨ੍ਹਵਾਹ ਉਸਾਰੀ ਦੇ ਵਿਰੁੱਧ ਵੀ ਚਿਤਾਵਨੀ ਹੈ। ਸਰਕਾਰ ਨੂੰ ਆਪਣੀਆਂ ਪਹਿਲਕਦਮੀਆਂ ਨਿਰਧਾਰਤ ਕਰਨੀਆਂ ਹੋਣਗੀਆਂ ਅਤੇ ਲੋੜ ਮੁਤਾਬਕ ਨੀਤੀਆਂ ਬਣਾਉਣੀਆਂ ਹੋਣਗੀਆਂ।

ਕੁਲ ਮਿਲਾ ਕੇ ਚੌਗਿਰਦੇ ਦੀ ਕੀਮਤ ਉੱਤੇ ਵਿਕਾਸ ਨਹੀਂ ਹੋ ਸਕਦਾ। ਸਾਡੇ ਸਿਆਸਤਦਾਨਾਂ ਅਤੇ ਹੁਕਮਰਾਨਾਂ ਨੂੰ ਥੋੜ੍ਹੇ ਸਮੇਂ ਦੀਆਂ ਯੋਜਨਾਵਾਂ ਦੀ ਥਾਂ ਲੰਬੇ ਸਮੇਂ ਦੀਆਂ ਯੋਜਨਾਵਾਂ ਉੱਤੇ ਧਿਆਨ ਦੇਣਾ ਹੋਵੇਗਾ। ਇਸ ਸਬੰਧੀ ਕੀ ਕਦਮ ਚੁੱਕੇ ਜਾਣੇ ਹਨ, ਇਸ ਲਈ ਬਹੁਤ ਗਿਆਨੀ ਹੋਣ ਦੀ ਲੋੜ ਨਹੀਂ। ਜੇ ਅਸੀਂ ਇਨ੍ਹਾਂ ਆਫਤਾਂ ਉੱਤੇ ਧਿਆਨ ਨਹੀਂ ਦੇਵਾਂਗੇ ਤਾਂ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਹੋਰ ਵੀ ਵੇਖਣ ਨੂੰ ਮਿਲਣਗੀਆਂ। ਸਾਨੂੰ ਇਸ ਗੱਲ ਵੱਲ ਧਿਆਨ ਦੇਣਾ ਹੋਵੇਗਾ ਕਿ ਅਸੀਂ ਦੁਸ਼ਮਣ ਨੂੰ ਵੇਖ ਲਿਆ ਹੈ ਅਤੇ ਉਹ ਦੁਸ਼ਮਣ ਅਸੀਂ ਖੁਦ ਹੀ ਹਾਂ।

## ਹਲਕਾ ਫੁਲਕਾ

ਮੰਮੀ (ਹਨੀ ਨੂੰ), ''ਤੁਸੀਂ ਰੋ ਕਿਉਂ ਰਹੇ ਹੋ ਬੇਟੇ?''
ਹਨੀ, ''ਮੰਮੀ ਜੀ ਗੱਲ ਇਹ ਹੈ ਕਿ ਸਾਡੇ ਮਾਸਟਰ ਜੀ ਬਹੁਤ ਬਿਮਾਰ ਹਨ।''
''ਕੀ ਉਹ ਮਰ ਗਏ?'' ਮੰਮੀ ਨੇ ਪੁੱਛਿਆ।
''ਨਹੀਂ, ਉਹ ਠੀਕ ਹੋ ਗਏ ਹਨ ਅਤੇ ਕੱਲ੍ਹ ਤੋਂ ਸਕੂਲ ਆਉਣ ਵਾਲੇ ਹਨ।'' ਹਨੀ ਬੋਲਿਆ।

*********

ਬਸ ਕੰਡਕਟਰ ਨੇ ਸੁਰੇਸ਼ ਨੂੰ ਕਿਹਾ, ''ਭਾਈ ਸਾਹਿਬ ਇੰਨੀਆਂ ਸੀਟਾਂ ਖਾਲੀ ਹਨ। ਬੈਠ ਕਿਉਂ ਨਹੀਂ ਜਾਂਦੇ।''
ਸੁਰੇਸ਼ (ਗੁੱਸੇ ਨਾਲ ਬੋਲਿਆ), ''ਮੈਂ ਇਥੇ ਬੈਠਣ ਨਹੀਂ ਆਇਆ। ਮੈਂ ਜਲਦੀ ਘਰ ਪਹੁੰਚਣਾ ਹੈ।''

*********

ਪਤਨੀ, ''ਵਿਆਹ ਤੋਂ ਪਹਿਲਾਂ ਤੁਸੀਂ ਮੈਨੂੰ ਹੋਟਲ, ਸਿਨੇਮਾ ਅਤੇ ਹੋਰ ਪਤਾ ਨਹੀਂ ਕਿੱਥੇ-ਕਿੱਥੇ ਘੁਮਾਉਣ ਲੈ ਕੇ ਜਾਂਦੇ ਸੀ। ਵਿਆਹ ਹੋਇਆ ਤਾਂ ਘਰੋਂ ਬਾਹਰ ਵੀ ਨਹੀਂ ਲਿਜਾਂਦੇ।''
ਪਤੀ, ''ਕਦੇ ਚੋਣਾਂ ਤੋਂ ਬਾਅਦ ਪ੍ਰਚਾਰ ਹੁੰਦਾ ਦੇਖਿਆ ਹੈ?''

# ਗੁਰਲਾਲ ਕਤਲ ਕੇਸ ਵਿੱਚ ਰੇਕੀ ਕਰਨ ਵਾਲੇ ਚਾਰ ਜਣੇ ਗ੍ਰਿਫਤਾਰ



ਫਰੀਦਕੋਟ, 25 ਫਰਵਰੀ (ਪੋਸਟ ਬਿਊਰੋ)- ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਗੁਰਲਾਲ ਸਿੰਘ ਪਹਿਲਵਾਨ ਦੇ ਕਤਲ ਦੇ ਕੇਸ ਵਿੱਚ ਜ਼ਿਲ੍ਹਾ ਪੁਲਸ ਨੇ ਕੱਲ੍ਹ ਸ਼ਾਮ ਚਾਰ ਹੋਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਫਰੀਦਕੋਟ ਦੇ ਰਹਿਣ ਵਾਲੇ ਰਾਜਿੰਦਰ ਸਿੰਘ, ਭੀਮਾ, ਪ੍ਰਦੀਪ ਸਿੰਘ ਅਤੇ ਆਕਾਸ਼ ਵਜੋਂ ਹੋਈ ਹੈ। ਉਨ੍ਹਾਂ ਕੋਲੋਂ 315 ਬੋਰ ਦੀ ਪਿਸਤੌਲ, ਕਾਰਤੂਸ ਅਤੇ ਇੱਕ ਮੋਟਰ ਸਾਈਕਲ ਮਿਲੀ ਹੈ। ਇਨ੍ਹਾਂ ਸਭ ਉੱਤੇ ਗੁਰਲਾਲ ਦੇ ਕਤਲ ਤੋਂ ਪਹਿਲਾਂ ਰੇਕੀ ਕਰਨ ਦੇ ਦੋਸ਼ ਹਨ। ਬੀਤੀ 18 ਫਰਵਰੀ ਨੂੰ ਗੁਰਲਾਲ ਸਿੰਘ ਪਹਿਲਵਾਨ ਦੀ ਹੱਤਿਆ ਕੀਤੀ ਗਈ ਸੀ।

ਇਸ ਕੇਸ ਵਿੱਚ ਦਿੱਲੀ ਪੁਲਸ ਨੇ ਫਰੀਦਕੋਟ ਜ਼ਿਲ੍ਹੇ ਨਾਲ ਸਬੰਧ ਰੱਖਣ ਵਾਲੇ ਗੁਰਿੰਦਰ ਪਾਲ ਉਰਫ ਗੋਰਾ ਭਾਊ, ਸੁਖਵਿੰਦਰ ਸਿੰਘ ਸੰਨੀ ਢਿੱਲੋਂ ਅਤੇ ਸੌਰਭ ਵਰਮਾ ਨੂੰ ਗ੍ਰਿਫਤਾਰ ਕੀਤਾ ਸੀ। ਦੋ ਦਿਨ ਪਹਿਲਾਂ ਫਰੀਦਕੋਟ ਪੁਲਸ ਨੇ ਕਤਲ ਦੇ ਲਈ ਸ਼ੂਟਰਾਂ ਨੂੰ ਹਥਿਆਰ ਸਪਲਾਈ ਕਰਨ ਵਾਲੇ ਪਿੰਡ ਘਣੀਆਂ ਦੇ ਵਸਨੀਕ ਗੁਰਪਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਕੱਲ੍ਹ ਇਕੱਠੇ ਚਾਰ ਹੋਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਐਸ ਐਸ ਪੀ ਸਵਰਨਦੀਪ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਅੱਜ ਤੱਕ ਇਸ ਕੇਸ ਵਿੱਚ ਪੰਜ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਦਿੱਲੀ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਤਿੰਨਾਂ ਦੋਸ਼ੀਆਂ ਨੂੰ ਫਰੀਦਕੋਟ ਲਿਆਉਣ ਲਈ ਪੁਲਸ ਨੇ ਅਦਾਲਤ ਤੋਂ ਪ੍ਰੋਡਕਸ਼ਨ ਵਾਰੰਟ ਜਾਰੀ ਕਰਵਾ ਲਏ ਹਨ।

# ਨੌਦੀਪ ਕੌਰ ਦੇ ਸਾਥੀ ਮੁਲਾਜ਼ਮ ਸ਼ਿਵ ਕੁਮਾਰ ਨੂੰ ਪੁਲਸ ਹਿਰਾਸਤ ਵਿੱਚ ਤਸੀਹੇ ਦੇਣ ਦੀ ਪੁਸ਼ਟੀ

* ਮੈਡੀਕਲ ਰਿਪੋਰਟ ਹਰਿਆਣਾ ਪੁਲਸ ਦੇ ਤਸ਼ੱਦਦ ਦਾ ਸਬੂਤਬਣੀ

* ਹਾਈ ਕੋਰਟ ਨੇ ਹਰਿਆਣਾ ਪੁਲਸ ਤੋਂ ਜਵਾਬ ਮੰਗਿਆ

ਚੰਡੀਗੜ੍ਹ, 25 ਫਰਵਰੀ (ਪੋਸਟ ਬਿਊਰੋ)- ਮਜ਼ਦੂਰ ਆਗੂ ਨੌਦੀਪ ਕੌਰ ਦੇ ਵਿਰੁੱਧ ਦਰਜ ਕੇਸ ਵਿੱਚ ਉਸ ਦੇ ਇੱਕ ਸਾਥੀ ਮੁਲਾਜ਼ਮ ਅਤੇ ਮਜ਼ਦੂਰ ਅਧਿਕਾਰ ਸੰਗਠਨ ਦੇ ਪ੍ਰਧਾਨ ਸ਼ਿਵ ਕੁਮਾਰ ਦੀ ਮੈਡੀਕਲ ਰਿਪੋਰਟ ਹਰਿਆਣਾ ਪੁਲਸ ਦੇ ਤਸ਼ੱਦਦ ਦਾ ਸਬੂਤ ਬਣ ਗਈ ਹੈ। ਹਾਈ ਕੋਰਟ ਦੇ ਹੁਕਮ ਉੱਤੇਗੌਰਮਿੰਟ ਮੈਡੀਕਲ ਕਾਲਜ ਹਸਪਤਾਲ (ਜੀ ਐਮ ਸੀ ਐਚ) ਸੈਕਟਰ-32 ਚੰਡੀਗੜ੍ਹ ਦੇ ਡਾਕਟਰਾਂ ਦੇ ਬੋਰਡ ਵੱਲੋਂ ਕੀਤੀ ਮੈਡੀਕਲ ਜਾਂਚ ਵਿੱਚ ਪਤਾ ਲੱਗਾ ਕਿ 20 ਫਰਵਰੀ ਨੂੰ ਜਾਂਚ ਕਰਵਾਉਣ ਆਉਂਦੇ ਸਮੇਂ ਉਹ ਲੰਗੜਾ ਕੇ ਤੁਰ ਰਿਹਾ ਸੀ ਅਤੇ ਉਸ ਦੇ ਪੱਟਾਂ ਅਤੇ ਪੈਰਾਂ ਉੱਤੇਨੀਲ ਪਏ ਹੋਏ ਸਨਅਤੇ ਉਸ ਦੇ ਪੈਰਾਂ ਦੇ ਨਹੁੰ ਵੀ ਉਖੜੇ ਹੋਏ ਸੀ, ਜਿਸ ਤੋਂ ਤਸ਼ੱਦਦ ਹੋਇਆ ਸਾਬਤ ਹੁੰਦਾ ਹੈ।




ਡਾਕਟਰੀ ਰਿਪੋਰਟ ਦੇ ਮੁਤਾਬਕ ਸ਼ਿਵ ਕੁਮਾਰ ਨੇ ਕਿਹਾ ਹੈ ਕਿ ਇਹ ਤਸੀਹੇ ਪੁਲਸ ਹਿਰਾਸਤ ਦੌਰਾਨ ਦਿੱਤੇ ਗਏ ਸਨ। ਉਸ ਨੇ ਦੱਸਿਆ ਕਿ ਉਸ ਉੱਤੇ ਝੂਠੇ ਨਾਮ ਬੋਲਣ ਦਾ ਦਬਾਅ ਬਣਾਇਆ ਗਿਆ ਤੇ ਤਿੰਨ ਰਾਤਾਂ ਸੌਣ ਨਹੀਂ ਦਿੱਤਾ ਗਿਆ। ਇਹ ਕੰਮ ਅਪਰਾਧ ਸ਼ਾਖਾ ਦੇ ਸੱਤ ਮੁਲਾਜ਼ਮਾਂ ਵੱਲੋਂ ਕੀਤੇ ਜਾਣ ਦਾ ਦੋਸ਼ ਲਾਇਆ ਗਿਆ ਹੈ। ਮੈਡੀਕਲ ਰਿਪੋਰਟ ਕੱਲ੍ਹ ਜਦੋਂ ਹਾਈ ਕੋਰਟ ਵਿੱਚ ਪੇਸ਼ ਕੀਤੀ ਗਈ ਤੇ ਕੋਰਟ ਨੇ ਹਰਿਆਣਾ ਸਰਕਾਰ ਨੂੰ ਹਦਾਇਤ ਕੀਤੀ ਕਿ ਸ਼ਿਵ ਕੁਮਾਰ ਨੂੰ ਹਰ ਡਾਕਟਰੀ ਸਹੂਲਤ ਦਿੱਤੀ ਜਾਵੇ ਅਤੇ ਨਾਲ ਉਹ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ, ਜਿਹੜੀ ਸ਼ਿਵ ਕੁਮਾਰ ਨੂੰ ਗ੍ਰਿਫ਼ਤਾਰ ਕਰਨਵੇਲੇ ਡਾਕਟਰੀ ਜਾਂਚ ਕਰਵਾਈ ਗਈ ਸੀ।

ਮਜ਼ਦੂਰ ਆਗੂ ਨੌਦੀਪ ਕੌਰ ਦੇ ਵਿਰੁੱਧ ਕੁੰਡਲੀ (ਸੋਨੀਪਤ) ਥਾਣੇ ਵਿੱਚ ਦਰਜ ਕੇਸ ਦੇ ਸੰਬੰਧ ਵਿੱਚ ਉਸ ਦੀ ਪੱਕੀ ਜ਼ਮਾਨਤ ਦੀ ਸੁਣਵਾਈ ਵੀ ਸ਼ਿਵ ਕੁਮਾਰ ਦੇ ਕੇਸ ਨਾਲ ਹੋਈ ਅਤੇ ਕੋਰਟ ਨੇ ਉਸ ਦੀ ਡਾਕਟਰੀ ਜਾਂਚ ਰਿਪੋਰਟ ਵੀ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਉਸ ਦੇ ਵਕੀਲ ਅਰਸ਼ਦੀਪ ਸਿੰਘ ਚੀਮਾ ਨੇ ਅਰਜ਼ੀ ਦੇ ਕੇ ਨੌਦੀਪ ਦੀ ਮੈਡੀਕਲ ਜਾਂਚ ਕਰਵਾਈ ਸੀ, ਕਿਉਂਕਿ ਉਸ ਨੇ ਵੀ ਪੁਲਸ ਹਿਰਾਸਤ ਦੌਰਾਨ ਤਸੀਹੇ ਦੇਣ ਦਾ ਦੋਸ਼ ਲਾਇਆ ਗਿਆ ਸੀ। ਇਸ ਕੇਸ ਦੀ ਅਗਲੀ ਸੁਣਵਾਈ 26 ਫਰਵਰੀ ਨੂੰ ਹੋਵੇਗੀ। ਇਨ੍ਹਾਂ ਤੋਂ ਇਲਾਵਾ ਹਾਈ ਕੋਰਟ ਵਿੱਚ ਨੌਦੀਪ ਕੌਰ ਦੇ ਕੇਸ ਵਿੱਚ ਆਪੇ ਲਏ ਨੋਟਿਸ ਦੇ ਮਾਮਲੇ ਵਿੱਚ ਵੀ ਸੁਣਵਾਈ ਹੋਈ ਸੀ। ਹਾਈ ਕੋਰਟ ਨੂੰ ਪ੍ਰਾਪਤ ਹੋਈ ਈਮੇਲ ਰਾਹੀਂ ਦੋਸ਼ ਲਾਇਆ ਗਿਆ ਸੀ ਕਿ ਪੁਲਸ ਨੇ ਨੌਦੀਪ ਕੌਰ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਹੈ। ਇਸੇ ਉੱਤੇ ਸਰਕਾਰ ਤੋਂ ਜਵਾਬ ਤਲਬ ਕੀਤਾ ਗਿਆ ਸੀ। ਇਨ੍ਹਾਂ ਤਿੰਨਾਂ ਮਾਮਲਿਆਂ ਦੀ ਸੁਣਵਾਈ ਅੱਗੇ ਪਾ ਦਿੱਤੀ ਗਈ ਹੈ।

# ਜਾਅਲੀ ਮ੍ਰਿਤਕਾਂ ਦੇ ਛੇ ਵਾਰਸਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਘਪਲਾ

ਤਰਨਤਾਰਨ, 25 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਸਿਹਤ ਵਿਭਾਗ ਵਿੱਚ ਛੇਵਿਅਕਤੀਆਂ ਨੂੰ ਮ੍ਰਿਤਕ ਕਰਾਰ ਦੇ ਕੇ ਉਨ੍ਹਾਂ ਦੇ ਜਾਅਲੀ ਵਾਰਸਾਂ ਨੂੰ ਸਰਕਾਰੀ ਨੌਕਰੀ ਉੱਤੇ ਰੱਖਣ ਦਾ ਘਪਲਾ ਪਤਾ ਲੱਗਾ ਹੈ, ਜਿਸ ਦੀ ਜਾਂਚ ਲਈ ਤਿੰਨ ਮੈਂਬਰੀ ਡਾਕਟਰਾਂ ਦਾ ਬੋਰਡ ਬਣਾਇਆ ਗਿਆ ਹੈ। ਇਸ ਠੱਗੀ ਵਿੱਚ ਚੰਡੀਗੜ੍ਹ ਸਿਹਤ ਵਿਭਾਗ ਦੇ ਹੈਡ ਕੁਆਰਟਰ ਵਿੱਚ ਤਾਇਨਾਤ ਵੱਡੇ ਅਧਿਕਾਰੀ ਵੀ ਸ਼ਾਮਲ ਹਨ। ਕੇਸ ਦੀ ਜਾਂਚ ਨੂੰ ਇਮਾਨਦਾਰੀ ਅਤੇ ਤੇਜ਼ੀ ਨਾਲ ਅੱਗੇ ਵਧਾਉਣ ਵਾਲੇ ਮੌਜੂਦਾ ਸਿਵਲ ਸਰਜਨ ਨੂੰ ਕਈ ਲੋਕਾਂ ਵੱਲੋਂ ਧਮਕੀਆਂ ਵੀ ਮਿਲਣ ਲੱਗ ਪਈਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਇਸ ਜ਼ਿਲ੍ਹੇ ਵਿੱਚ ਸਾਲ 2019 ਤੋਂ 2020 ਤੱਕ ਦੇ ਸਮੇਂ ਵਿੱਚ ਸਿਹਤ ਵਿਭਾਗ ਦੇ ਛੇ ਕਰਮਚਾਰੀਆਂ ਨੂੰ ਸਰਕਾਰੀ ਨੌਕਰੀ ਉੱਤੇ ਤਾਇਨਾਤ ਪਰਵਾਰਕ ਮੈਂਬਰਾਂ ਦੀ ਮੌਤ ਦਾ ਝੂਠ ਬੋਲ ਕੇ ਸਰਕਾਰੀ ਨੌਕਰੀ ਦੇ ਦਿੱਤੀ ਗਈ, ਜਿਸ ਤੋਂ ਬਾਅਦ ਮ੍ਰਿਤਕਾਂ ਦੇ ਜਾਅਲੀ ਖਾਤਿਆਂ ਵਿੱਚੋਂ ਬੈਂਕ ਅਤੇ ਖਜ਼ਾਨੇ ਵਿੱਚ ਮੌਜੂਦ ਸਟਾਫ ਦੀ ਮਿਲੀ-ਭੁਗਤ ਨਾਲ ਲੱਖ ਰੁਪਏ ਸਾਲਾਨਾ ਪ੍ਰਤੀ ਕੇਸ ਦੇ ਹਿਸਾਬ ਨਾਲ ਛੇ ਲੱਖ ਰੁਪਏ ਚੂਨਾ ਸਰਕਾਰ ਨੂੰ ਲਾਇਆ ਗਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਇਸ ਦੀ ਭਿਣਕ ਮੌਜੂਦਾ ਸਿਵਲ ਸਰਜਨ ਡਾ. ਰੋਹਿਤ ਮਹਿਤਾ ਨੂੰ ਲੱਗੀ ਤਾਂ ਉਨ੍ਹਾਂ ਨੇ ਸਾਰਾ ਮਾਮਲਾ ਡਾਇਰੈਕਟਰ ਸਿਹਤ ਸੇਵਾਵਾਂ ਦੇ ਧਿਆਨ ਵਿੱਚ ਲਿਆਂਦਾ। ਇਸ ਪਿੱਛੋਂ ਇਸਦੀ ਜਾਂਚ ਲਈ ਤਿੰਨ ਮੈਂਬਰੀ ਬੋਰਡ




ਬਣਾਇਆ ਗਿਆ, ਜੋ ਸਾਰੀ ਰਿਪੋਰਟ ਸਬੂਤਾਂ ਸਮੇਤ ਸਿਵਲ ਸਰਜਨ ਨੂੰ ਜਲਦੀ ਦੇਣ ਵਾਲਾ ਹੈ।

ਪਤਾ ਲੱਗਾ ਹੈ ਕਿ ਇਸ ਜ਼ਿਲ੍ਹੇ ਦੇ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਛੇ ਜਣਿਆਂ ਨੂੰ ਨੌਕਰੀ ਝੂਠ ਨਾਲਦਿੱਤੀ ਗਈ ਹੈ, ਜਿਸ ਵਿੱਚ ਜ਼ਿਲ੍ਹੇ ਦੇ ਪੁਰਾਣੇ ਸਿਵਲ ਸਰਜਨਾਂ, ਐਸ ਐਮ ਓ ਅਕਾਊਂਟ ਸ਼ਾਖਾ ਸਟਾਫ, ਖਜ਼ਾਨਾ ਦਫ਼ਤਰ ਕਰਮਚਾਰੀ, ਬੈਂਕ ਕਰਮਚਾਰੀ ਤੋਂ ਇਲਾਵਾ ਚੰਡੀਗੜ੍ਹ ਦੇ ਵੱਡੇ ਅਤੇ ਛੋਟੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਹਨ। ਇਸ ਫਰਾਡ ਵਿੱਚ ਸ਼ਾਮਲ ਲੋਕਾਂ ਨੇ ਸਰਕਾਰ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਮ੍ਰਿਤਕਾਂ ਨੂੰ ਸਰਕਾਰੀ ਨੌਕਰ ਦੱਸ ਦਿੱਤਾ, ਜੋ ਇਸ ਵਿਭਾਗ ਵਿੱਚ ਕਦੇ ਤਾਇਨਾਤ ਹੀ ਨਹੀਂ ਸਨ। ਇੱਕ ਪਾਸੇ ਸਰਕਾਰ ਨੂੰ ਇਹ ਸੂਚਨਾ ਦਿੱਤੀ ਗਈ ਕਿ ਪਿਛਲੇ ਦੋ ਸਾਲਾਂ ਦੌਰਾਨ ਕਿਸੇ ਸਰਕਾਰੀ ਕਰਮਚਾਰੀ ਦੀ ਮੌਤ ਨਹੀਂ ਹੋਈ ਅਤੇ ਦੂਸਰੇ ਪਾਸੇ ਛੇ ਵਿਅਕਤੀਆਂ ਨੂੰ ਸਰਕਾਰੀ ਨੌਕਰੀ ਉੱਤੇ'ਮ੍ਰਿਤਕਾਂ' ਦੀ ਥਾਂ ਨੌਕਰੀ ਉੱਤੇ ਰੱਖ ਲਿਆ।ਸਿਵਲ ਸਰਜਨ ਡਾ. ਰੋਹਿਤ ਮਹਿਤਾ ਨੇ ਦੱਸਿਆ ਕਿ ਇਸ ਬਾਰੇ ਡਾਇਰੈਕਟਰ ਹੈਲਥ ਦੇ ਹੁਕਮਾਂ ਹੇਠ ਤਿੰਨ ਮੈਂਬਰੀ ਬੋਰਡ ਵੱਲੋਂ ਜਾਂਚ ਜਾਰੀ ਹੈ ਅਤੇ ਇਸ ਤੋਂ ਬਾਅਦ ਚੰਡੀਗੜ੍ਹ ਨੂੰ ਰਿਪੋਰਟ ਦਿੱਤੀ ਜਾਵੇਗੀ।

# ਟੱਕਰ ਮਗਰੋਂ ਟਰੱਕਾਂ ਨੂੰ ਅੱਗ ਲੱਗੀ, ਇੱਕ ਜਣੇ ਦੀ ਮੌਤ

ਜਗਰਾਉਂ, 25 ਫਰਵਰੀ (ਪੋਸਟ ਬਿਊਰੋ)- ਜਗਰਾਓਂ-ਜਲੰਧਰ ਮਾਰਗ ਉੱਤੇਕੱਲ੍ਹ ਵਾਪਰੇ ਹਾਦਸੇ ਵਿੱਚ ਦੋ ਟਰੱਕਾਂ ਦੀ ਆਹਮੋ-ਸਾਹਮਣੀ ਟੱਕਰ ਦੌਰਾਨ ਦੋਵੇਂ ਟਰੱਕ ਸੜ ਗਏ। ਇੱਕ ਟਰੱਕ ਦਾ ਡਰਾਈਵਰ ਵਾਹਨ ਨੂੰ ਅੱਗ ਲੱਗਣ ਦੇ ਕਾਰਨ ਸੜ ਗਿਆ, ਜਿਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਦੇਰ ਰਾਤ ਜਗਰਾਉਂ-ਜਲੰਧਰ ਮਾਰਗ ਉੱਤੇ ਟਰੱਕ ਯੂਨੀਅਨ ਦੇ ਕੋਲ ਇੱਕ ਕਾਰ ਨੂੰ ਬਚਾਉਣ ਦੇ ਚੱਕਰ ਵਿੱਚ ਦੋ ਟਰੱਕਾਂ ਦੀ ਟੱਕਰ ਹੋ ਗਈ। ਟਾਈਲਾਂ ਨਾਲ ਭਰਿਆ ਟਰੱਕ ਮੂਹਰੇ ਕਾਰ ਆਉਣ ਦੇ ਕਾਰਨ ਸੜਕ ਉੱਤੇ ਖੜ੍ਹੇ ਰੇਤ ਨਾਲ ਭਰੇ ਟਰੱਕ ਵਿੱਚ ਸਿੱਧਾ ਆ ਵੱਜਾ। ਮੌਕੇ ਉੱਤੇ ਹਾਜ਼ਰ ਲੋਕਾਂ ਅਨੁਸਾਰ ਟੱਕਰ ਪਿੱਛੋਂ ਦੋਵਾਂ ਟਰੱਕਾਂ ਨੂੰ ਅੱਗ ਲੱਗ ਗਈ ਤੇ ਦੇਖਦੇ ਹੀ ਦੇਖਦੇ ਲਪਟਾਂ ਉਚੀਆਂ ਉਠਣ ਲੱਗੀਆਂ। ਰਾਹਗੀਰਾਂ ਨੇ ਨਗਰ ਕੌਂਸਲ ਦੇ ਅੱਗ ਬੁਝਾਊ ਅਮਲੇ ਨਾਲ ਸੰਪਰਕ ਦੀ ਕੋਸ਼ਿਸ਼ ਕੀਤੀ, ਪਰ ਫੋਨ ਬੰਦ ਹੋਣ ਕਾਰਨ ਸੰਪਰਕ ਨਹੀਂ ਹੋ ਸਕਿਆ। ਇਸ ਦੌਰਾਨ ਹੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਇੱਕ ਟਰੱਕ ਦਾ ਡਰਾਈਵਰ ਵਿੱਚੇ ਝੁਲਸ ਗਿਆ ਅਤੇ ਬਾਹਰ ਕੱਢਣ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਮੌਕੇ ਉੱਤੇ ਪੁੱਜੀ ਪੁਲਸ ਦੀ ਪੜਤਾਲ ਪਤਾ ਲੱਗਾ ਕਿ ਹਾਦਸੇ ਦਾ ਸ਼ਿਕਾਰ ਹੋਇਆ ਟਰੱਕ ਬਠਿੰਡੇ ਦੀ ਗਨਪਤੀ ਟਾਈਲ ਦਾ ਹੈ ਅਤੇ ਇਸ ਦੇ ਮ੍ਰਿਤਕ ਚਾਲਕ ਮਾਣਕ ਸਿੰਘ ਪਿੰਡ ਬਹਾਦਰਪੁਰ (ਮਾਨਸਾ) ਦਾ ਰਹਿਣ ਵਾਲਾ ਸੀ।

ਅੰਮ੍ਰਿਤਸਰ ਦੁਸਹਿਰਾ ਰੇਲ ਹਾਦਸਾ

# ਨਗਰ ਨਿਗਮ ਦੇ ਦੋ ਮੌਜੂਦਾ ਤੇ ਦੋ ਸਾਬਕਾ ਅਫਸਰਾਂ ਦੀਆਂ ਤਰੱਕੀਆਂ ਤੇ ਪੈਨਸ਼ਨ ਵਿੱਚ ਕਟੌਤੀ ਦੇ ਆਦੇਸ਼



ਅੰਮ੍ਰਿਤਸਰ, 25 ਫਰਵਰੀ (ਪੋਸਟ ਬਿਊਰੋ)- ਸਾਲ 2018 ਦੇ ਦੁਸਹਿਰੇ ਵਾਲੇ ਦਿਨ ਅੰਮ੍ਰਿਤਸਰ ਦੇ ਜੌੜਾ ਫਾਟਕ ਵਿਖੇ ਰੇਲ ਲਾਈਨਾਂ ਉੱਤੇਹੋਏ ਹਾਦਸੇ ਦੀ ਪੜਤਾਲ ਪਿੱਛੋਂ ਨਗਰ ਨਿਗਮ ਅੰਮ੍ਰਿਤਸਰ ਦੇ ਦੋ ਮੌਜੂਦਾ ਤੇ ਦੋ ਸਾਬਕਾ ਅਫਸਰਾਂ ਨੂੰ ਲਾਪਰਵਾਹੀ ਵਰਤਣ ਦੇ ਦੋਸ਼ੀ ਮੰਨ ਕੇ ਦੋ ਅਧਿਕਾਰੀਆਂ ਦੀਆਂ ਦੋ ਸਾਲਾਂ ਲਈ ਸਾਲਾਨਾ ਤਰੱਕੀਆਂ ਅਤੇ ਦੋ ਸੇਵਾ ਮੁਕਤ ਅਧਿਕਾਰੀਆਂ ਦੀ ਪੈਨਸ਼ਨ ਵਿੱਚੋਂ ਦੋ ਸਾਲ ਦੀ ਕਟੌਤੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

ਸੈਕਟਰੀ ਲੋਕਲ ਬਾਡੀਜ਼ ਪੰਜਾਬ ਅਜੋਏ ਕੁਮਾਰ ਸਿਨਹਾ ਵੱਲੋਂ ਜਾਰੀ ਪੱਤਰ ਅਨੁਸਾਰ ਅੰਮ੍ਰਿਤਸਰ ਵਿਖੇ 19 ਅਕਤੂਬਰ 2018 ਨੂੰ ਦੁਸਹਿਰੇ ਵਾਲੇ ਦਿਨ ਹੋਏ ਰੇਲ ਹਾਦਸੇ ਬਾਰੇ ਨਗਰ ਨਿਗਮ ਅੰਮ੍ਰਿਤਸਰ ਦੇ ਦੋਸ਼ੀ ਅਧਿਕਾਰੀਆਂ, ਕਰਮਚਾਰੀਆਂ ਨੂੰ ਪੰਜਾਬ ਸਿਵਲ ਸਰਵਿਸਿਜ਼ ਨਿਯਮ ਅੱਠ ਅਧੀਨ ਸਰਕਾਰ ਦੇ ਪੱਤਰ ਮਿਤੀ 22 ਅਕਤੂਬਰ 2019 ਰਾਹੀਂ ਸੁਸ਼ਾਂਤ ਭਾਟੀਆ ਸੈਕਟਰੀ, ਕਸ਼ਮੀਰ ਸਿੰਘ, ਏ ਡੀ ਐਫ ਓ (ਸੇਵਾ ਮੁਕਤ), ਪੁਸ਼ਪਿੰਦਰ ਸਿੰਘ ਸੁਪਰਡੈਂਟ, ਗਰੀਸ਼ ਕੁਮਾਰ ਸੁਪਰਡੈਂਟ ਤੇ ਕੇਵਲ ਕ੍ਰਿਸ਼ਨ ਇੰਸਪੈਕਟਰ (ਦੋਵੇਂ ਸੇਵਾ ਮੁਕਤ) ਨੂੰ ਚਾਰਜਸ਼ੀਟ ਕੀਤਾ ਗਿਆ ਸੀ। ਜਾਰੀ ਪੱਤਰ ਅਨੁਸਾਰ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਨਿੱਜੀ ਸੁਣਵਾਈ ਵੇਲੇ ਪੇਸ਼ ਕੀਤੀਆਂ ਦਲੀਲਾਂ ਅਤੇ ਕੇਸ ਦੀ ਫਾਈਲ ਅਤੇ ਰਿਕਾਰਡ/ਤੱਥਾਂ ਨੂੰ ਘੋਖਣ ਉੱਤੇ ਇਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਵਿੱਚੋਂ ਸੈਕਟਰੀ ਸੁਸ਼ਾਂਤ ਭਾਟੀਆ ਅਤੇ ਪੁਸ਼ਪਿੰਦਰ ਸਿੰਘ ਸੁਪਰਡੈਂਟ ਨੂੰ ਦੋ ਸਾਲਾਨਾ ਤਰੱਕੀਆਂ ਬੰਦ ਕਰਨ ਦੀ ਸਜ਼ਾ ਦਿੱਤੀ ਗਈ ਹੈ। ਗਰੀਸ਼ ਕੁਮਾਰ ਸੁਪਰਡੈਂਟ (ਸੇਵਾ ਮੁਕਤ) ਦੀ ਪੈਨਸ਼ਨ ਵਿੱਚ 2 ਸਾਲ ਅਤੇ 5 ਪੈਨਸ਼ਨ ਕੱਟ ਲਾਉਣ ਦੀ ਸਜ਼ਾ ਦਿੱਤੀ ਗਈ ਹੈ। ਕਸ਼ਮੀਰ ਸਿੰਘ ਏ ਡੀ ਐਫ ਓ (ਸੇਵਾ ਮੁਕਤ) ਵਿਰੁੱਧ ਜਾਂਚ ਅਫ਼ਸਰ ਵੱਲੋਂ ਦੋਸ਼ ਸਿੱਧ ਨਾ ਹੋਣ ਕਰ ਕੇਉਸ ਨੂੰ ਛੱਡ ਦਿੱਤਾ ਗਿਆ ਹੈ।

# ਕੁਵੈਤ ਭੇਜਣ ਦੇ ਨਾਂਅ 'ਤੇ 24 ਲੋਕਾਂ ਤੋਂ 6.25 ਲੱਖ ਰੁਪਏ ਠੱਗ ਲਏ




ਬਟਾਲਾ, 25 ਫਰਵਰੀ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਨਾਂਅ ਉੱਤੇ 24 ਠੱਗਾਂ ਤੋਂ ਕਰੀਬ ਸਵਾ ਛੇ ਲੱਖ ਰੁਪਏ ਠੱਗੀ ਕਰਨ ਅਤੇ ਉਨ੍ਹਾਂ ਨੂੰ ਜਾਅਲੀ ਪਾਸਪੋਰਟ, ਟਿਕਟਾਂ ਦੇਣ ਦੇ ਦੋਸ਼ ਵਿੱਚ ਬਟਾਲਾ ਪੁਲਸ ਨੇ ਟ੍ਰੈਵਲ ਏਜੰਟ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੇ ਖਿਲਾਫ ਦੋ ਕੇਸ ਇੱਕ ਸਾਲ 2018 ਅਤੇ ਦੂਸਰਾ 2019 ਵਿੱਚ ਦਰਜ ਹੋਇਆ ਸੀ।

ਇਸ ਸਬੰਧੀ ਡੀ ਐਸ ਪੀ ਸਿਟੀ ਪਰਵਿੰਦਰ ਕੌਰ ਨੇ ਦੱਸਿਆ ਕਿ ਦੋਸ਼ੀ ਦੀਪਕ ਕੁਮਾਰ ਤੋਂ ਪੁੱਛਗਿੱਛ ਜਾਰੀ ਹੈ। ਠੱਗੀ ਦੇ ਸ਼ਿਕਾਰ ਲੋਕਾਂ ਨੇ ਦੱਸਿਆ ਕਿ ਜਦ ਏਅਰਪੋਰਟ ਉੱਤੇ ਨਕਲੀ ਪਾਸਪੋਰਟ ਅਤੇ ਵੀਜ਼ੇ ਦਾ ਪਤਾ ਲੱਗੇ ਤੋਂ ਏਜੰਟ ਦੀਪਕ ਕੁਮਾਰ ਨੂੰ ਫੋਨ ਕੀਤਾ ਤਾਂ ਉਸ ਦਾ ਫੋਨ ਬੰਦ ਸੀ। ਜਦ ਉਹ ਜਲੰਧਰ ਰੋਡ ਉਮਰਪੁਰਾ ਉੱਤੇ ਉਨ੍ਹਾਂ ਦੇ ਦਫਤਰ ਗਏ ਤਾਂ ਉਹ ਵੀ ਬੰਦ ਸੀ। ਉਨ੍ਹਾਂ ਨੂੰ ਪਤਾ ਲੱਗਾ ਕਿ ਏਜੰਟ ਦੀਪਕ ਕੁਮਾਰ ਆਪਣੇ ਸਾਥੀਆਂ ਨਾਲ ਪੈਸੇ ਤੇ ਪਾਸਪੋਰਟ ਲੈ ਕੇ ਭਗੌੜਾ ਹੋ ਗਿਆ ਹੈ ਅਤੇ ਉਸ ਨੇ 6,25,500 ਰੁਪਏ ਦੀ ਠੱਗੀ ਕੀਤੀ ਹੈ। ਦੋਸ਼ੀ ਨੇ ਨਾ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਤੇ ਨਾ ਉਨ੍ਹਾਂ ਨੂੰ ਵਿਦੇਸ਼ ਭੇਜਿਆ। ਇਸ ਸਬੰਧ ਵਿੱਚ ਪੁਲਸ ਨੇ ਥਾਣਾ ਸਿਵਲ ਲਾਈਨ ਵਿੱਚ ਪਹਿਲਾ ਮਾਮਲਾ 17 ਦਸੰਬਰ 2018 ਨੂੰ ਅਤੇ ਦੂਸਰਾ ਮਾਮਲਾ 16 ਮਾਰਚ 2019 ਨੂੰ ਧੋਖਾਧੜੀ ਅਤੇ ਪੰਜਾਬ ਪ੍ਰੀਵੈਂਸ਼ਨ ਆਫ ਹਿਊਮਨ ਸਮੱਗਲਿੰਗ ਐਕਟ-2012 ਦੇ ਤਹਿਤ ਦਰਜ ਕੀਤਾ ਸੀ।

# ਜਲੰਧਰ ਦੀ ਪਾਵਰਕਾਮ ਟੀਮ ਵੱਲੋਂ ਲੁਧਿਆਣੇ ਦੀ ਕੰਪਨੀ ਉੱਤੇ ਛਾਪਾ

*ਫੈਕਟਰੀ ਵਿੱਚ ਕੁੰਡੀ ਬਦਲੇ 27 ਲੱਖ ਰੁਪਏ ਜੁਰਮਾਨਾ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਪਾਰਵਕਾਮ ਇਨਫੋਰਸਮੈਂਟ ਵਿੰਗ-3 ਜਲੰਧਰ ਦੀ ਟੀਮ ਨੇ ਕੱਲ੍ਹ ਲੁਧਿਆਣਾ ਵਿੱਚ ਗਾਰਮੈਂਟਸ ਮੈਨੂਫੈਕਚਰਿੰਗ ਕੰਪਨੀ ਉੱਤੇ ਛਾਪਾ ਮਾਰ ਕੇ ਇੱਕ ਵੱਡੀ ਬਿਜਲੀ ਚੋਰੀ ਫੜੀ ਅਤੇ ਕੰਪਨੀ ਉੱਤੇਕੇਸ ਦਰਜ ਕਰਵਾ ਦਿੱਤਾ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।



ਡਿਪਟੀ ਚੀਫ ਇੰਜੀਨੀਅਰ ਰਜਤ ਸ਼ਰਮਾ ਨੇ ਦੱਸਿਆ ਕਿ ਵਿਭਾਗ ਨੂੰ ਸੂਚਨਾ ਮਿਲੀ ਕਿ ਲੁਧਿਆਣੇਦੇ ਮਹਾਵੀਰ ਜੈਨ ਕਾਲੋਨੀ ਫੋਕਲ ਪੁਆਇੰਟ ਵਿੱਚ ਗਾਰਮੈਂਟਸ ਕੰਪਨੀ ਨੇ ਟ੍ਰਾਂਸਫਾਰਮਰ ਤੋਂ ਆਪਣੀ ਫੈਕਟਰੀ ਤੱਕ ਡਾਇਰੈਕਟ ਕੁੰਡੀ ਪਾਈ ਹੋਈ ਹੈ ਅਤੇ 45 ਕਿਲੋਵਾਟ ਬਿਜਲੀ ਵਰਤ ਰਹੀ ਹੈ। ਜਦੋਂ ਛਾਪੇਮਾਰੀ ਕੀਤੀ ਤਾਂ ਮੌਕੇ ਉੱਤੇ ਕੇਬਲ ਵੀ ਫੜੀ ਅਤੇ ਜਿਸ ਟ੍ਰਾਂਸਫਾਰਮਰ ਤੋਂ ਸਪਲਾਈ ਦਿੱਤੀ ਜਾ ਰਹੀ ਸੀ, ਉਸ ਨੂੰ ਵੀ ਬੰਦ ਕਰਵਾਇਆ ਗਿਆ। ਰਜਤ ਸ਼ਰਮਾ ਨੇ ਦੱਸਿਆ ਕਿ ਐਸ ਡੀ ਓ ਧਰਮਿੰਦਰ ਤੇ ਉਨ੍ਹਾਂ ਦੇ ਨਾਲ ਬਾਕੀ ਕਰਮਚਾਰੀ ਵੀ ਮੌਕੇ ਉੱਤੇ ਗਏ ਸਨ। ਮੈਨੂਫੈਕਚਰਿੰਗ ਕੰਪਨੀ ਉੱਤੇ ਜੁਰਮਾਨੇ ਦੇ ਨਾਲ ਬਿਜਲੀ ਚੋਰੀ ਬਾਰੇ ਇਲੈਕਟ੍ਰੀਸਿਟੀ ਐਕਟ 2003 ਧਾਰਾ 135 ਦਾ ਕੇਸ ਦਰਜ ਕੀਤਾ ਗਿਆ ਹੈ ਅਤੇ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਜੇ ਇਸ ਵਿੱਚ ਕੋਈ ਸਰਕਾਰੀ ਮੁਲਾਜ਼ਮ ਸ਼ਾਮਲ ਹੋਇਆ ਤਾਂ ਕਿਸੇ ਵੀ ਹਾਲਤ ਵਿੱਚ ਉਸ ਨੂੰ ਬਖਸ਼ਿਆ ਨਹੀਂ ਜਾਏਗਾ, ਕਿਉਂਕਿ ਇੰਨੀ ਵੱਡੀ ਬਿਜਲੀ ਚੋਰੀ ਇਕੱਲਾ ਆਦਮੀ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਕਰਵਾ ਸਕਦਾ ਹੈ।

# ਲੁਟੇਰਿਆਂ ਨਾਲ ਭਿੜਨ ਵਾਲੀ ਕੁਸੁਮ ਦਾ ਨਾਂਅ ਬਹਾਦਰੀ ਐਵਾਰਡ ਦੇ ਲਈ ਚੁਣਿਆ ਗਿਆ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਪਿਛਲੇ ਸਾਲ ਤੀਹ ਅਗਸਤ ਨੂੰ ਜਲੰਧਰ ਵਿੱਚ ਲੁਟੇਰਿਆਂ ਨਾਲ ਭਿੜ ਜਾਣ ਵਾਲੀ 14 ਸਾਲਾ ਕੁੜੀ ਕੁਸੁਮ ਦਾ ਨਾਂਅ ਇੰਡੀਅਨ ਕੌਂਸਲ ਫਾਰ ਚਾਈਲਡ ਵੈਲਫੇਅਰ ਵੱਲੋਂ ਕੌਮੀ ਬਹਾਦਰੀ ਐਵਾਰਡ ਲਈ ਚੁਣਿਆ ਗਿਆ ਹੈ। ਕੁਸੁਮ ਨੂੰ ਵਧਾਈ ਦਿੰਦੇ ਹੋਏ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਕਿਹਾ ਕਿ ਉਸ ਉੱਤੇਸਾਰੇ ਜਲੰਧਰ ਨੂੰ ਮਾਣ ਹੈ, ਕਿਉਂਕਿ ਉਸ ਨੇ ਕੁੜੀਆਂ ਸਾਹਮਣੇ ਬਹਾਦਰੀ ਦੀ ਮਿਸਾਲ ਪੇਸ਼ ਕੀਤੀ ਹੈ।

ਡਿਪਟੀ ਕਮਿਸ਼ਨਰ ਥੋਰੀ ਨੇ ਕਿਹਾ ਕਿ



ਪਿਛਲੇ ਸਾਲ ਦੀ ਇਸ ਘਟਨਾ ਤੋਂ ਬਾਅਦ ਕੁਸੁਮ ਦੀ ਬਹਾਦਰੀ ਤੋਂ ਖੁਸ਼ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਇੱਕ ਲੱਖ ਰੁਪਏ ਮਦਦ ਭੇਜੀ ਸੀ, ਜੋ ਸੌਂਪ ਦਿੱਤੀ ਗਈ ਸੀ। ਵਰਨਣ ਯੋਗ ਹੈ ਕਿ 8ਵੀਂ ਜਮਾਤ ਦੀ ਵਿਦਿਆਰਥਣ ਕੁਸੁਮ ਜਦੋਂ ਤੀਹ ਅਗਸਤ ਨੂੰ ਟਿਊਸ਼ਨ ਪੜ੍ਹਨ ਗਈ ਤਾਂ ਵਰਕਸ਼ਾਪ ਚੌਕ ਤੋਂ ਸੋਢਲ ਰੋਡ ਦੇ ਰਾਹ ਵਿੱਚ ਦੀਨ ਦਿਆਲ ਉਪਾਧਿਆਏ ਨਗਰ ਵਿੱਚ ਬਾਈਕ ਸਵਾਰ ਲੁਟੇਰਿਆਂ ਨੇ ਮੋਬਾਈਲ ਝਪਟਣ ਲਈ ਹਮਲਾ ਕੀਤਾ ਸੀ, ਪਰ ਕੁਸੁਮ ਨੇ ਮੋਬਾਈਲ ਨਹੀਂ ਛੱਡਿਆ। ਇੱਕ ਲੁਟੇਰੇ ਨੇ ਦਾਤਰ ਨਾਲ ਵਾਰ ਕਰ ਕੇ ਉਸ ਦਾ ਖੱਬਾ ਗੁੱਟ ਵੱਢ ਦਿੱਤਾ ਸੀ, ਪਰ ਕੁਸੁਮ ਨੇ ਦਲੇਰੀ ਨਾਲ ਟੱਕਰ ਲਈ ਤੇ ਲੁਟੇਰੇ ਨੂੰ ਟੀ-ਸ਼ਰਟ ਤੋਂ ਫੜ ਕੇ ਮੋਟਰ ਸਾਈਕਲ ਤੋਂ ਹੇਠਾਂ ਸੁੱਟ ਲਿਆ। ਫਿਰ ਲੋਕ ਆ ਗਏ ਤੇ ਉਨ੍ਹਾਂ ਨੇ ਲੁਟੇਰੇ ਨੂੰ ਕਾਬੂ ਕਰ ਲਿਆ ਸੀ।

# ਯੂ ਏ ਪੀ ਏ ਵਿੱਚ ਸਜ਼ਾ ਯਾਫਤਾ ਖ਼ਾਲਿਸਤਾਨ ਸਮੱਰਥਕਾਂ ਦੀ ਅਪੀਲ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 25 ਫਰਵਰੀ (ਪੋਸਟ ਬਿਊਰੋ)- ਖ਼ਾਲਿਸਤਾਨ ਬਣਾਉਣ ਲਈ ਭਾਰਤ ਵਿਰੁੱਧ ਲੜਾਈ ਲਈ ਸਿੱਖ ਨੌਜਵਾਨਾਂ ਨੂੰ ਉਕਸਾਉਣ ਦੇ ਦੋਸ਼ ਹੇਠ ਸਜ਼ਾ ਯਾਫਤਾ ਤਿੰਨ ਨੌਜਵਾਨਾਂ ਵੱਲੋਂ ਉਨ੍ਹਾਂ ਦੀ ਬਾਕੀ ਉਮਰ ਕੈਦ ਦੀ ਸਜ਼ਾ ਸਸਪੈਂਡ ਕਰਨ ਦੀ ਅਪੀਲ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਅਰਵਿੰਦਰ ਸਿੰਘ, ਸੁਰਜੀਤ ਸਿੰਘ ਲੱਕੀ ਅਤੇ ਰਣਜੀਤ ਸਿੰਘ ਵਿਰੁੱਧ ਥਾਣਾ ਰਾਹੋਂ (ਨਵਾਂਸ਼ਹਿਰ) ਵਿੱਚ ਸਾਲ 2016 ਵਿੱਚ ਅਨਲਾਅਫੁੱਲ ਐਕਟੀਵਿਟੀਜ਼ ਤੇ ਹੋਰ ਧਾਰਾਵਾਂ ਦਾ ਦੋਸ਼ ਲਾ ਕੇ ਕੇਸ ਦਰਜ ਕੀਤਾ ਸੀ ਕਿ ਉਨ੍ਹਾਂ ਨੇ ਵੈਸਾਖੀ ਮੌਕੇ ਪਰਚੇ ਵੰਡ ਕੇ ਸਿੱਖ ਨੌਜਵਾਨਾਂ ਨੂੰ ਵੱਖਰਾ ਦੇਸ 'ਖਾਲਿਸਤਾਨ' ਬਣਾਉਣ ਲਈ ਉਕਸਾਇਆ ਤੇ ਅਜਿਹਾ ਕਰਨਾ ਭਾਰਤ ਵਿਰੁੱਧ ਲੜਾਈ ਵਿੱਢਣਾ ਹੈ। ਤਿੰਨਾਂ ਨੂੰ ਨਵਾਂਸ਼ਹਿਰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਕੀਤੀ ਸੀ ਤੇ ਇਸ ਵਿੱਚੋਂ ਚਾਰ ਸਾਲ ਅੱਠ ਮਹੀਨੇ ਬੀਤਣ ਪਿੱਛੋਂ ਉਨ੍ਹਾਂ ਨੇ ਐਡਵੋਕੇਟ ਆਰ ਐਸ ਬੈਂਸ ਰਾਹੀਂ ਅਪੀਲ ਕਰਕੇ ਮੰਗ ਕੀਤੀ ਸੀ ਕਿ ਬਾਕੀ




ਸਜ਼ਾ ਸਸਪੈਂਡ ਕੀਤੀ ਜਾਵੇ। ਉਨ੍ਹਾਂ ਦਲੀਲ ਦਿੱਤੀ ਕਿ ਉਨ੍ਹਾਂ ਕੋਲੋਂ ਮਿਲੇ ਪੋਸਟਰਾਂ ਤੋਂ ਸਾਬਤ ਨਹੀਂ ਹੁੰਦਾ ਕਿ ਉਹ ਨੌਜਵਾਨਾਂ ਨੂੰ ਭਾਰਤ ਵਿਰੁੱਧ ਲੜਾਈ ਲਈ ਉਕਸਾ ਰਹੇ ਸਨ ਤੇ ਨਾ ਹੀ ਕੋਈ ਹਥਿਆਰਾਂ ਮਿਲੇ ਸਨ।

ਦੂਜੇ ਪਾਸੇ ਸਰਕਾਰੀ ਵਕੀਲ ਆਈ ਪੀ ਐਸ ਦੋਆਬੀਆ ਨੇ ਕਿਹਾ ਕਿ ਮਿਲੀ ਸਮੱਗਰੀ ਅਤੇ ਹਾਲਾਤ ਤੋਂ ਯੂ ਏ ਪੀ ਏ ਦਾ ਕੇਸ ਸਾਬਤ ਹੁੰਦਾ ਹੈ। ਦੋਵਾਂ ਧਿਰਾਂ ਨੂੰ ਸੁਣਨਪਿੱਛੋਂ ਜਸਟਿਸ ਜਸਵੰਤ ਸਿੰਘ ਤੇ ਜਸਟਿਸ ਸੰਤ ਪ੍ਰਕਾਸ਼ ਦੀ ਡਵੀਜਨ ਬੈਂਚ ਨੇ ਕਿਹਾ ਕਿ ਮਾਮਲਾ ਗੰਭੀਰ ਹੈ ਤੇ ਦੋਸ਼ੀਆਂ ਕੋਲੋਂ ਅਜਿਹੀ ਸਮੱਗਰੀ ਮਿਲੀ ਹੈ, ਜਿਸ ਨਾਲ ਖਾਲਿਸਤਾਨ ਬਣਾਉਣ ਪ੍ਰਤੀ ਉਕਸਾਉਣ ਦਾ ਦੋਸ਼ ਬਣਦਾ ਹੈ, ਇਸ ਲਈ ਸਜ਼ਾ ਸਸਪੈਂਡ ਨਹੀਂ ਕੀਤੀ ਜਾ ਸਕਦੀ।



# ਫੌਜ ਵਿੱਚ ਔਰਤਾਂ ਦੇ ਸਥਾਈ ਕਮਿਸ਼ਨ ਦੇ ਫੈਸਲੇ ਵਿੱਚ ਬਦਲਾਅ ਤੋਂ ਸੁਪਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਸਪੱਸ਼ਟ ਕੀਤਾ ਕਿ ਉਹ ਨਿੱਜੀ ਸ਼ਿਕਾਇਤਾਂ ਹੇਠ ਕੇਂਦਰ ਸਰਕਾਰ ਨੂੰ ਪਿਛਲੇ ਸਾਲ ਦਿੱਤੇ ਆਪਣੇ ਉਸ ਹੁਕਮ ਵਿੱਚ ਬਦਲਾਅ ਨਹੀਂ ਕਰ ਸਕਦੇ, ਜਿਸ ਨਾਲ ਭਾਰਤੀ ਫੌਜ ਵਿੱਚ ਮਹਿਲਾ ਅਧਿਕਾਰੀਆਂ ਨੂੰ ਸਥਾਈ ਕਮਿਸ਼ਨ ਦੇਣ ਲਈ ਕਿਹਾ ਗਿਆ ਸੀ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ 17 ਫਰਵਰੀ 2020 ਨੂੰ ਦਿੱਤੇ ਆਪਣੇ ਫੈਸਲੇ ਵਿੱਚ ਸਾਰੇ ਸੇਵਾ ਕਰਦੇ ਸ਼ਾਰਟ ਸਰਵਿਸ ਕਮਿਸ਼ਨ ਮਹਿਲਾ ਅਧਿਕਾਰੀਆਂ ਨੂੰ ਸਥਾਈ ਕਮਿਸ਼ਨ ਪ੍ਰਦਾਨ ਕਰਨ ਨੂੰ ਕਿਹਾ ਸੀ। ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਕਿਹਾ, ਅਸੀਂ ਅਜਿਹੀਆਂ ਵੱਖ-ਵੱਖ ਅਰਜ਼ੀਆਂ ਦੇ ਆਧਾਰ 'ਤੇ ਆਪਣੇ ਫੈਸਲੇ ਵਿੱਚਕੋਈ ਬਦਲਾਅ ਅਤੇ ਉਹ ਵੀ ਲਗਭਗ ਇੱਕ ਸਾਲ ਬਾਅਦਨਹੀਂ ਕਰਾਂਗੇ। ਅਸੀਂ ਨਿੱਜੀ ਕੇਸਾਂ ਨੂੰ ਦੇਖਦੇ ਹੋਏ ਆਪਣੇ ਫੈਸਲੇ ਵਿੱਚ ਸੋਧ ਨਹੀਂ ਕਰ ਸਕਦੇ। ਜੁਡੀਸ਼ਲ ਡਿਸਿਪਲਿਨ ਨਾਂਅ ਦੀ ਵੀ ਕੋਈ ਚੀਜ਼ ਹੁੰਦੀ ਹੈ।

ਫਿਰ ਵੀ ਇਸ ਅਦਾਲਤੀ ਬੈਂਚ ਨੇ ਲੈਫਟੀਨੈਂਟ ਕਰਨਲ (ਸੇਵਾਮੁਕਤ) ਪ੍ਰਿਯਾਂਵਦਾ ਏ. ਮਰਦੇਕਰ ਦੇ ਵਕੀਲ ਨੂੰ ਉਨ੍ਹਾਂ ਦੀਆਂ ਸ਼ਿਕਾਇਤਾਂ ਹਥਿਆਰਬੰਦ ਟ੍ਰਿਬਿਊਨਲ ਅੱਗੇ ਰੱਖਣ ਨੂੰ ਕਿਹਾ। ਸਾਬਕਾ ਮਹਿਲਾ ਅਧਿਕਾਰੀ ਦੇ ਵਕੀਲ ਐਸ ਐਸ ਪਾਂਡੇ ਨੇ ਕੋਰਟ ਵਿੱਚ ਕਿਹਾ ਕਿ ਇੱਕੋ ਅਹੁਦੇ ਵਾਲੇ ਦੋ ਅਧਿਕਾਰੀਆਂ ਵਿੱਚੋਂ ਇੱਕ ਨੂੰ ਸਥਾਈ ਕਮਿਸ਼ਨ ਦਿੱਤਾ ਗਿਆ, ਪਰ ਦੂਸਰੇ ਅਧਿਕਾਰੀ ਨੂੰ ਨਹੀਂ ਦਿੱਤਾ ਗਿਆ ਅਤੇ ਬਾਅਦ ਵਿੱਚ ਉਹ ਸੇਵਾਮੁਕਤ ਹੋ ਗਈ ਹੈ।

### ਪ੍ਰਧਾਨ ਮੰਤਰੀ ਮੋਦੀ ਨੇ ਕਹਿ ਦਿੱਤਾ:

# 'ਕਾਰੋਬਾਰ ਕਰਨਾ ਸਰਕਾਰ ਦਾ ਕੰਮ ਨਹੀ'

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੈਰ ਰਣਨੀਤਕ ਖੇਤਰ ਵਿਚਲੀਆਂ ਸਰਕਾਰੀ ਕੰਪਨੀਆਂ ਦੇ ਨਿੱਜੀਕਰਨ ਦੀ ਪੈਰਵੀ ਕਰਦਿਆਂ ਥੋੜ੍ਹੇ ਸ਼ਬਦਾਂ ਵਿੱਚ ਕਿਹਾ ਹੈ ਕਿ ਕਾਰੋਬਾਰ ਕਰਨਾ ਸਰਕਾਰ ਦਾ ਕੰਮ ਨਹੀਂ ਹੈ ਅਤੇ ਸਰਕਾਰ ਘਾਟੇ ਵਿੱਚ ਚੱਲਦੇ ਅਦਾਰਿਆਂ (ਪੀ ਐਸ ਯੂ) ਨੂੰ ਬਚਾਉਣ ਲਈ ਲੋਕਾਂ ਦਾ ਪੈਸਾ ਨਹੀਂ ਖਰਚ ਕਰ ਸਕਦੀ। ਇਸ ਪੈਸੇ ਦਾ ਵਰਤੋਂ ਦੂਸਰੇ ਲੋਕ ਭਲਾਈ ਕਦੇ ਕੰਮਾਂ ਉੱਤੇ ਕੀਤੀ ਜਾ ਸਕਦੀ ਹੈ।

ਨਿਜੀਕਰਨ ਬਾਰ ਨਿਵੇਸ਼ ਅਤੇ ਜਨਤਕ ਪ੍ਰਾਪਰਟੀ ਪ੍ਰਬੰਧ ਵਿਭਾਗ ਵੱਲੋਂ ਕਰਵਾਏ ਵੈਬੀਨਾਰ ਵਿੱਚ ਨਰਿੰਦਰ ਮੋਦੀ ਨੇ ਕਿਹਾ, 'ਕੰਪਨੀਆਂ ਅਤੇ ਕਾਰੋਬਾਰ ਨੂੰ ਮਦਦ ਦੇਣਾ ਸਰਕਾਰ ਦਾ ਕੰਮ ਹੈ, ਪਰ ਇਹ ਜ਼ਰੂਰੀ ਨਹੀਂ ਹੈ ਕਿ ਸਰਕਾਰ ਖੁਦ ਕੰਪਨੀਆਂ ਖੋਲ੍ਹੇ ਅਤੇ ਉਨ੍ਹਾਂ ਨੂੰ ਚਲਾਏ।'ਉਨ੍ਹਾ ਨੇ ਕਿਹਾ ਕਿ ਅਸੀਂ ਇੱਕ ਨੈਸ਼ਨਲ ਏਸੈਟ ਮੋਨੇਟਾਈਜੇਸ਼ਨ ਪਾਈਪਲਾਈਨ ਦਾ ਐਲਾਨ ਕੀਤਾ ਹੈ ਅਤੇ ਤੇਲ, ਗੈਸ ਅਤੇ ਊਰਜਾ ਸਮੇਤ ਕਈ ਸੈਕਟਰਾਂ ਵਿੱਚ ਕਰੀਬ 100 ਏਸੈਟਸ ਨੂੰ ਮੋਨੇਟਾਈਜ਼ ਕਰਨ ਦਾ ਟੀਚਾ ਹੈ। ਮੋਦੀ ਨੇ ਕਿਹਾ ਕਿ ਪ੍ਰਾਈਵੇਟ ਸੈਕਟਰ ਦੀ ਭੂਮਿਕਾ ਨਿੱਜੀਕਰਨ ਵਿੱਚ ਹੀ ਨਹੀਂ, ਮਹਾਮਾਰੀ ਦੇ ਦੌਰ 'ਚੋਂ ਅਰਥਵਿਵਸਥਾ ਨੂੰ ਬਾਹਰ ਕੱਢਣ ਲਈ 111 ਲੱਖ ਕਰੋੜ ਦੀ ਨੈਸ਼ਨਲ ਇਨਫਰਾਸਟ੍ਰਕਚਰ



ਪਾਈਪਲਾਈਨ ਵਿੱਚ ਵੀ ਨਿੱਜੀ ਖੇਤਰ ਅਹਿਮ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਕੰਪਨੀਆਂ ਵਿੱਚ ਹਿੱਸੇ ਵੇਚ ਕੇ ਮਿਲਿਆ ਪੈਸਾ ਜਲ, ਸਵੱਛਤਾ, ਸਿੱਖਿਆ ਅਤੇ ਸਿਹਤ ਨਾਲ ਜੁੜੀਆਂ ਜਨ ਕਲਿਆਣ ਦੀਆਂ ਯੋਜਨਾਵਾਂ ਵਿੱਚ ਇਸਤੇਮਾਲ ਹੋਵੇਗਾ।

ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਵਿੱਚ ਇਤਿਹਾਸਕ ਵਾਧਾ ਕੀਤਾ ਹੈ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਹਰ ਸੰਭਵ ਕਦਮ ਚੁੱਕਣ ਨੂੰ ਤਿਆਰ ਹੈ। ਉਨ੍ਹਾਂ ਕਿਹਾ, 'ਮਿਹਨਤੀ ਕਿਸਾਨਾਂ ਦੇ ਸਨਮਾਨ ਤੇ ਖੁਸ਼ਹਾਲੀ ਲਈ ਦੋ ਸਾਲ ਪਹਿਲਾਂ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਸ਼ੁਰੂ ਕੀਤੀ ਗਈ ਸੀ। ਕਿਸਾਨਾਂ ਦੀ ਰਾਤ-ਦਿਨ ਦੀ ਮਿਹਨਤ ਨਾਲ ਹੀ ਦੇਸ਼ ਨੂੰ ਭੋਜਨ ਮਿਲਦਾ ਹੈ।' ਇੱਕ ਦੇ ਬਾਅਦ ਇੱਕ ਟਵੀਟ ਕਰ ਕੇ ਮੋਦੀ ਨੇ ਬਿਹਤਰ ਸਿੰਚਾਈ ਦੀਆਂ ਯੋਜਨਾਵਾਂ ਤੋਂ ਲੈ ਕੇ ਟੈਕਨਾਲੋਜੀ ਨੂੰ ਹੱਲਾਸ਼ੇਰੀ ਦੇਣ ਅਤੇ ਕਿਸਾਨਾਂ ਦੇ ਲਈ ਕਰਜ਼ੇ ਦੀ ਉਪਲਬਧਤਾ ਯਕੀਨੀ ਕਰਨ ਵਰਗੇ ਕਦਮਾਂ ਦਾ ਜ਼ਿਕਰ ਕੀਤਾ।

# ਲਾਲ ਕਿਲ੍ਹਾ ਹਿੰਸਾ ਕੇਸ ਵਿੱਚ ਜੰਮੂ ਤੋਂ ਦੋ ਜਣੇ ਹੋਰ ਗ੍ਰਿਫ਼ਤਾਰ

ਜੰਮੂ, 25 ਫਰਵਰੀ (ਪੋਸਟ ਬਿਊਰੋ)- 26 ਜਨਵਰੀ ਨੂੰ ਹੋਈ ਲਾਲ ਕਿਲ੍ਹਾ ਘਟਨਾ ਦੇ ਸਬੰਧ ਵਿੱਚਦਿੱਲੀ ਪੁਲਸ ਨੇ ਕੱਲ੍ਹ ਜੰਮੂ ਤੋਂ ਇੱਕ ਕਿਸਾਨ ਨੇਤਾ ਸਮੇਤ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ।

ਦਿੱਲੀ ਪੁਲਸ ਨੇ ਦੱਸਿਆ ਕਿ 45 ਸਾਲਾ ਮਹਿੰਦਰ ਸਿੰਘ ਸਤਵਾਰੀ ਵਿੱਚ ਚਤਰਾ ਮਿੱਲ ਇਲਾਕੇ ਦਾ ਵਾਸੀ ਹੈ ਅਤੇ ਉਹ ਜੰਮੂ-ਕਸ਼ਮੀਰ ਸੰਯੁਕਤ ਮੋਰਚਾ ਸੰਗਠਨ ਦਾ ਪ੍ਰਧਾਨ ਹੈ। ਮਨਦੀਪ ਸਿੰਘ (23) ਜੰਮੂ ਦੇ ਗੋਲੇ ਗੁਜਰਾਲ ਇਲਾਕੇ ਦਾ ਰਹਿਣ ਵਾਲਾ ਹੈ। ਪੁਲਸ ਨੇ ਦੱਸਿਆ ਕਿ 26 ਜਨਵਰੀ ਦੀ ਘਟਨਾ ਵਿੱਚ ਮੋਹਿੰਦਰ ਸਿੰਘ ਅਤੇ ਮਨਦੀਪ ਸਿੰਘ ਦਾ ਅਹਿਮ ਰੋਲ ਸੀ ਤੇ ਉਹ ਇਸ ਘਟਨਾ ਦੇ ਅਹਿਮ ਸਾਜਿਸ਼ਕਰਤਾ ਹਨ। ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਕੱਲ੍ਹ ਰਾਤ ਨੂੰ ਦੋਵਾਂ ਨੂੰ ਹਿਰਾਸਤ ਵਿੱਚ ਲਿਆ ਤੇ ਪੁੱਛਗਿੱਛ ਲਈ ਦਿੱਲੀ ਲੈ ਗਈ। ਦਿੱਲੀ ਪੁਲਸ ਦੇ ਬੁਲਾਰੇ ਮੁਤਾਬਕ ਇਹ ਦੋਵੇਂ ਜਣੇ 26 ਜਨਵਰੀ ਦੀ ਘਟਨਾ ਦੌਰਾਨ ਕਾਫੀ ਸਰਗਰਮ ਅਤੇ ਅਹਿਮ ਸਾਜਿਸ਼ਕਰਤਾ ਸਨ। ਦੂਜੇ ਪਾਸੇ ਮੋਹਿੰਦਰ ਸਿੰਘ ਦੇ ਪਰਵਾਰ ਦਾ ਕਹਿਣਾ ਹੈ ਕਿ ਉਹ ਬੇਕਸੂਰ ਹੈ। ਮੋਹਿੰਦਰ ਸਿੰਘ ਦੀ ਪਤਨੀ ਨੇ ਕਿਹਾ ਕਿ ਮੋਹਿੰਦਰ ਸਿੰਘ ਨੇ ਉਸ ਨੂੰ ਦੱਸਿਆ ਸੀ ਕਿ ਕੱਲ੍ਹ ਜੰਮੂ ਦੇ ਐਸ ਐਸ ਪੀ ਨੇ ਉਸ ਨੂੰ ਫੋਨ ਕੀਤਾ ਅਤੇ ਫੋਨ ਬੰਦ ਹੋਣ ਤੋਂ ਪਹਿਲਾਂ ਉਹ ਗਾਂਧੀ ਨਗਰ ਥਾਣੇ ਚਲਾ ਗਿਆ ਸੀ, ਪਰ ਬਾਅਦ ਵਿੱਚ ਪਤਾ



ਲੱਗਾ ਕਿ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦਿੱਲੀ ਭੇਜ ਦਿੱਤਾ ਹੈ। ਉਸ ਨੇ ਕਿਹਾ ਕਿ ਜਦੋਂ ਲਾਲ ਕਿਲ੍ਹੇ ਦੀ ਘਟਨਾ ਹੋਈ ਤਾਂ ਉਸ ਸਮੇਂ ਮੋਹਿੰਦਰ ਸਿੰਘ ਦਿੱਲੀ ਸਰਹੱਦ ਉੱਤੇ ਸੀ ਨਾ ਕਿ ਲਾਲ ਕਿਲ੍ਹੇ ਉੱਤੇ। ਮਹਿੰਦਰ ਸਿੰਘ ਖਾਲਸਾ ਅਤੇ ਮਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿਰੁੱਧ ਜੰਮੂ-ਪਠਾਨਕੋਟ ਨੈਸ਼ਨਲ ਹਾਈਵੇਅ ਉੱਤੇ ਡਿਗਾਣਾ ਵਿਖੇ ਸਥਾਨਕ ਲੋਕਾਂ ਨੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕਾਂ ਨੇ ਨਾਅਰੇਬਾਜ਼ੀ ਕਰਦੇ ਇਨ੍ਹਾਂ ਦੋਵਾਂ ਦੀ ਰਿਹਾਈ ਦੀ ਮੰਗ ਕੀਤੀ। ਲੋਕਾਂ ਨੇ ਦੋਸ਼ ਲਾਇਆ ਕਿ ਜੰਮੂ ਪੁਲਸ ਨੇ ਦੋਵਾਂ ਨੂੰ ਦੇਰ ਰਾਤ ਧੋਖੇ ਨਾਲ ਘਰੋਂ ਗਾਂਧੀਨਗਰ ਥਾਣੇ ਬੁਲਾ ਕੇ ਦਿੱਲੀ ਪੁਲਸ ਨੂੰ ਸੌਂਪ ਦਿੱਤਾ, ਜਿੱਥੋਂ ਦਿੱਲੀ ਪੁਲਸ ਪੁੱਛਗਿੱਛ ਦੇ ਲਈ ਦਿੱਲੀ ਲੈ ਗਈ ਅਤੇ ਮੋਬਾਈਲ ਫੋਨ ਵੀ ਜ਼ਬਤ ਕਰ ਲਏ ਹਨ। ਮਹਿੰਦਰ ਸਿੰਘ ਖਾਲਸਾ ਦੀ ਪਤਨੀ ਨੇ ਦੱਸਿਆ ਕਿ ਲਾਲ ਕਿਲ੍ਹਾ ਵਿਖੇ ਗਣਤੰਤਰ ਦਿਵਸ ਮੌਕੇ ਵਾਪਰੀ ਹਿੰਸਾ ਵੇਲੇ ਉਸ ਦਾ ਪਤੀ ਉਥੇ ਮੌਜੂਦ ਨਹੀਂ ਸੀ, ਜਦਕਿ ਉਹ ਉਸ ਵੇਲੇ ਦਿੱਲੀ ਸਰਹੱਦ ਉੱਤੇ ਸੀ। ਦਿੱਲੀ ਪੁਲਸ ਉਸ ਨੂੰ ਝੂਠੇ ਮਾਮਲੇ ਵਿੱਚ ਫਸਾ ਰਹੀ ਹੈ।

# ਏਅਰ ਇੰਡੀਆ ਉਤੇ ਤਿੰਨ ਤੇਲ ਕੰਪਨੀਆਂ ਦੇ 3000 ਕਰੋੜ ਰੁਪਏ ਬਕਾਇਆ

ਮੁੰਬਈ, 25 ਫਰਵਰੀ (ਪੋਸਟ ਬਿਊਰੋ)- ਸਰਕਾਰੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਉਤੇ ਤਿੰਨ ਤੇਲ ਕੰਪਨੀਆਂ ਦਾ 3000 ਕਰੋੜ ਰੁਪਏ ਦਾ ਬਕਾਇਆ ਹੈ। ਇਹ ਗੱਲ ਇਸ ਮਾਮਲੇ ਨਾਲ ਜੁੜੇ ਦੋ ਲੋਕਾਂ ਨੇ ਦੱਸੀ ਹੈ। ਉਨ੍ਹਾਂ ਵਿੱਚੋਂ ਇੱਕ ਜਾਣਾ ਇੱਕ ਸੂਬੇ ਵੱਲੋਂ ਸੰਚਾਲਿਤ ਤੇਲ ਮਾਰਕੀਟਿੰਗ ਕੰਪਨੀ (ਓ ਐਮ ਸੀ) ਦਾ ਸੀਨੀਅਰ ਅਧਿਕਾਰੀ ਹੈ। ਉਸ ਨੇ ਕਿਹਾ ਕਿ ਕੰਪਨੀ ਉੱਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਦਾ 2,000 ਕਰੋੜ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਹਿੰਦੁਸਤਾਨ ਪੈਟਰੋਲੀਅਮ ਲਿਮਟਿਡ ਦਾ 1,000 ਕਰੋੜ ਰੁਪਏ ਦਾ ਬਕਾਇਆ ਹੈ।



ਇਸ ਅਧਿਕਾਰੀ ਨੇ ਕਿਹਾ ਕਿ ਅਸੀਂ ਮਹਾਮਾਰੀ ਦੌਰਾਨ ਵੀ ਏਅਰ ਇੰਡੀਆ ਨੂੰ ਤੇਲ ਦੀ ਸਪਲਾਈ ਕਰਦੇ ਰਹੇ ਹਾਂ। ਓ ਐਮ ਸੀ ਨੇ ਏਅਰ ਇੰਡੀਆ ਨੂੰ ਲਿਖਿਆ ਕਿ ਕੌਮਾਂਤਰੀ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਬਕਾਇਆ ਦਿੱਤਾ ਜਾਵੇ। ਏਅਰ ਇੰਡੀਆ ਓ ਐਮ ਸੀ ਤੋਂ ਰੋਜ਼ 5-6 ਕਰੋੜ ਰੁਪਏ ਦਾ ਤੇਲ ਖਰੀਦਦੀ ਹੈ। ਇਸ ਏਅਰਲਾਈਨ ਨੂੰ ਪਹਿਲਾਂ 90 ਦਿਨ ਦੀ ਕ੍ਰੈਡਿਟ ਲਿਮਿਟ ਦਿੱਤੀ ਗਈ ਸੀ, ਪਰ ਬਕਾਇਆ ਰਾਸ਼ੀ ਵਿੱਚ ਲੰਮੇ ਸਮੇਂ ਦੀ ਦੇਰੀ ਨੇ ਓ ਐਮ ਸੀ ਕੰਪਨੀ ਨੂੰ ਕੈਸ਼-ਐਂਡ-ਕੈਰੀ ਆਧਾਰ ਉੱਤੇਤੇਲ ਲੈਣ ਨੂੰ ਪ੍ਰੇਰਿਤ ਕੀਤਾ।ਏਅਰ ਇੰਡੀਆ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਏਅਰਲਾਈਨ ਵਿੱਚ ਵਰਕਿੰਗ ਕੈਪੀਟਲ ਦਾ ਕਰੰਚ ਹੈ, ਜਿਸ ਕਾਰਨ ਓ ਐਮ ਸੀ ਲਈ ਪੈਡਿੰਗ ਬਕਾਏਦੀ ਦੇਰੀ ਹੋ ਰਹੀ ਹੈ, ਇਸ ਬਕਾਏ ਦਾ ਭੁਗਤਾਨ ਕੀਤਾ ਹੀ ਜਾਏਗਾ। ਇਸ ਤੋਂ ਇਲਾਵਾ ਏਅਰ ਇੰਡੀਆ ਅਤੇ ਓ ਐਮ ਸੀ ਦੋਵੇਂ ਸਰਕਾਰ ਦੀ ਮਾਲਕੀ ਵਿੱਚ ਹਨ, ਅਜਿਹੀਆਂ ਸਥਿਤੀਆਂ ਨੂੰ ਛੇਤੀ ਹੱਲ ਕਰ ਲਿਆ ਜਾਵੇਗਾ।

# ਮੁੰਬਈ ਪੁਲਸ ਨੂੰ ਗੈਂਗਸਟਰ ਰਵੀ ਪੁਜਾਰੀ ਦਾ ਰਿਮਾਂਡ ਨੌਂ ਮਾਰਚ ਤੱਕ ਮਿਲਿਆ



ਗੈਂਗਸਟਰ ਰਵੀ ਪੁਜਾਰੀ ਨੂੰ ਗ੍ਰਿਫਤਾਰ ਕਰਕੇ ਲਿਜਾਂਦੀ ਹੋਈ ਮੁੰਬਈ ਪੁਲਸ।

ਮੁੰਬਈ, 25 ਫਰਵਰੀ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਗੈਂਗਸਟਰ ਰਵੀ ਪੁਜਾਰੀ ਨੂੰ ਬੈਂਗਲੁਰੂ ਤੋਂ ਇੱਥੇ ਲਿਆਉਣ ਤੋਂ ਬਾਅਦ ਵਿਸ਼ੇਸ਼ ਮਕੋਕਾ ਅਦਾਲਤ ਵਿੱਚ ਪੇਸ਼ ਕੀਤਾ। ਕੋਰਟ ਨੇ ਉਸ ਨੂੰ 2016 ਦੀ ਗੋਲੀਬਾਰੀ ਦੇ ਇੱਕ ਮਾਮਲੇ ਵਿੱਚ ਨੌਂ ਮਾਰਚ ਤੱਕ ਲਈ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਪੁਜਾਰੀ ਨੂੰ ਪਿਛਲੇ ਸਾਲ ਫ਼ਰਵਰੀ ਵਿੱਚ ਦੱਖਣੀ ਅਫ਼ਰੀਕਾ ਤੋਂ ਭਾਰਤ ਲਿਆਂਦਾ ਗਿਆ ਅਤੇ ਬੈਂਗਲੁਰੂ ਦੀ ਇੱਕ ਜੇਲ੍ਹ ਵਿੱਚ ਰੱਖਿਆ ਗਿਆ ਸੀ। ਉਹ ਕਈ ਸਾਲਾਂ ਤੋਂ ਫਰਾਰ ਸੀ। ਕਰਨਾਟਕ ਦੀ ਅਦਾਲਤ ਨੇ 21 ਅਕਤੂਬਰ 2016 ਨੂੰ ਮੁੰਬਈ ਦੇ ਵਿਲੇ ਪਾਰਲੇ ਇਲਾਕੇ ਵਿੱਚ ਗੈਂਗਸਟਰ ਪੁਜਾਰੀ ਨੂੰ ਮੁੰਬਈ ਪੁਲਸ ਨੂੰ ਸੌਂਪਣ ਦੀ ਇਜਾਜ਼ਤ ਦਿੱਤੀ ਸੀ, ਜਿਸ ਤੋਂ ਬਾਅਦ ਪੁਲਸ ਕੱਲ੍ਹ ਉਸ ਨੂੰ ਲਿਆਉਣ ਲਈ ਬੈਂਗਲੁਰੂ ਗਈ ਸੀ। ਇੱਕ ਘਟਨਾ ਮਗਰੋਂ ਮਹਾਰਾਸ਼ਟਰ ਸੰਗਠਿਤ ਅਪਰਾਧ ਕੰਟਰੋਲ ਐਕਟ (ਮਕੋਕਾ) ਦਾ ਕੇਸ ਦਰਜ ਕੀਤਾ ਗਿਆ ਸੀ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਜਾਰੀ ਨੂੰ ਕੱਲ੍ਹ ਸੜਕ ਦੇ ਰਸਤੇ ਬੈਂਗਲੁਰੂ ਤੋਂ ਮੁੰਬਈ ਲਿਆਂਦਾ ਗਿਆ। ਇਸ ਕੇਸ ਦੀ ਜਾਂਚ ਕਰ ਰਹੀ ਮੁੰਬਈ ਪੁਲਸ ਦੇ ਸੈਲ ਨੇ ਉਸ ਨੂੰ ਇੱਥੋਂ ਦੀ ਵਿਸ਼ੇਸ਼ ਮਕੋਕਾ ਅਦਾਲਤ ਵਿੱਚ ਪੇਸ਼ ਕੀਤਾ। ਮੁੱਖ ਜੱਜ ਡੀ ਈ ਕੋਥਾਲਿਕਰ ਨੇ ਪੁਜਾਰੀ ਨੂੰ ਨੌਂ ਮਾਰਚ ਤੱਕ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ। ਪੁਲਸ ਨੇ ਦੱਸਿਆ ਕਿ ਇਸ ਕੇਸ ਵਿੱਚ ਪੁਜਾਰੀ ਦੇ ਸੱਤ ਸਹਿਯੋਗੀ ਪਹਿਲਾਂ ਹੀ ਜੇਲ ਵਿੱਚ ਹਨ। ਉਨ੍ਹਾਂ ਦਸਿਆ ਕਿ ਕਰਨਾਟਕ ਦੇ ਉਡੁਪੀ ਨਾਲ ਤੁਆਲੁਕ ਰੱਖਣ ਵਾਲਾ ਪੁਜਾਰੀ ਵਿਦੇਸ਼ ਤੋਂ ਉਗਰਾਹੀ ਰੈਕੇਟ ਚਲਾਉਂਦਾ ਸੀ।

# ਪੇਕਿਆਂ ਦੇ ਵਾਰਸ ਵੀ ਪਰਵਾਰ ਦਾ ਹਿੱਸਾ ਮੰਨੇ ਜਾਣਗੇ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਹਿੰਦੂ ਔਰਤ ਦੀ ਜਾਇਦਾਦ ਦੇ ਵਿਰਾਸਤਕੇਸ ਵਿੱਚ ਇੱਕ ਅਹਿਮ ਫੈਸਲਾ ਦਿੱਤਾ ਅਤੇ ਕਿਹਾ ਕਿ ਹਿੰਦੂ ਵਿਆਹੁਤਾ ਦੇ ਪੇਕੇ ਪਰਵਾਰ ਦੇ ਵਾਰਸਾਂ ਨੂੰ ਬਾਹਰਲੇ ਲੋਕ ਨਹੀਂ ਕਿਹਾ ਜਾ ਸਕਦਾ। ਉਹ ਔਰਤ ਦੇ ਪਰਵਾਰ ਦੇ ਮੈਂਬਰ ਮੰਨੇ ਜਾਣਗੇ।

ਕੋਰਟ ਨੇ ਕਿਹਾ ਕਿ ਹਿੰਦੂ ਵਿਰਾਸਤ ਐਕਟ ਦੀ ਧਾਰਾ 15 (1) (ਡੀ) ਦੇ ਮੁਤਾਬਕ ਔਰਤ ਦੇ ਪਿਤਾ ਦੇ ਵਾਰਸਾਂ ਨੂੰ ਔਰਤ ਦੀ ਜਾਇਦਾਦ ਦੇ ਵਾਰਸਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਕੋਰਟ ਨੇ ਔਰਤ ਦੇ ਦਿਓਰ ਦੇ ਬੱਚਿਆਂ ਦੀ ਪਟੀਸ਼ਨ ਰੱਦ ਕਰ ਦਿੱਤੀ, ਜਿਸ ਵਿੱਚ ਔਰਤ ਵੱਲੋਂ ਆਪਣੇ ਭਰਾ ਦੇ ਬੱਚਿਆਂ ਨੂੰ ਜਾਇਦਾਦ ਦੇਣ ਨੂੰ ਚੁਣੌਤੀ ਦਿੱਤੀ ਗਈ ਸੀ। ਇਹ ਅਹਿਮ ਫੈਸਲਾ ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਆਰ ਸੁਭਾਸ਼ ਰੈਡੀ ਦੀ ਬੈਂਚ ਨੇ ਹਾਈ ਕੋਰਟ ਤੇ ਹੇਠਲੀ ਅਦਾਲਤ ਦੇ ਫੈਸਲਿਆਂ ਨੂੰ ਸਹੀ ਮੰਨਦੇ ਹੋਏ ਦਿੱਤਾ ਹੈ। ਕੋਰਟ ਨੇ ਹਰਿਆਣਾ ਦੇ ਇਸ ਕੇਸ ਵਿੱਚ ਇੱਕ ਔਰਤ ਦੇ ਦਿਓਰ ਦੇ ਬੱਚਿਆਂ ਦੀ ਅਪੀਲ ਖਾਰਜ ਕਰ ਦਿੱਤੀ।

ਇਹ ਮਾਮਲਾ ਗੁਰੂਗ੍ਰਾਮ ਦੇ ਸੋਹਾਣਾ ਤਹਿਸੀਲ ਦੇ ਗੜ੍ਹੀ ਬਾਜਿਦਪੁਰ ਪਿੰਡ ਦਾ ਹੈ। ਗੜ੍ਹੀ ਪਿੰਡ ਵਿੱਚ ਬਦਲੂ ਦੀ ਖੇਤੀਯੋਗ ਜ਼ਮੀਨ ਸੀ। ਬਦਲੂ ਦੇ ਦੋ ਪੁੱਤਰ ਬਲੀ ਰਾਮ ਤੇ ਸ਼ੇਰ ਸਿੰਘਸਨ। ਸ਼ੇਰ ਸਿੰਘ ਦੀ 1953 ਵਿੱਚ ਮੌਤ ਹੋ ਗਈ, ਉਸ ਦੀ ਔਲਾਦ ਨਹੀਂ ਸੀ। ਸ਼ੇਰ ਸਿੰਘ ਦੇ ਮਰਨ ਤੋਂ ਬਾਅਦ ਉਸ ਦੀ ਵਿਧਵਾ ਜਗਨੋ ਨੂੰ ਪਤੀ ਦੇ ਹਿੱਸੇ ਦੀ ਅੱਧੀ ਜ਼ਮੀਨ 'ਤੇ ਅਧਿਕਾਰ ਮਿਲਿਆ। ਜਗਨੋ ਨੇ ਫੈਮਿਲੀ ਸੈਟਲਮੈਂਟ ਵਿੱਚ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਭਰਾ ਦੇ ਪੁੱਤਰਾਂ ਨੂੰ ਦੇ ਦਿੱਤੀ। ਜਗਨੋ ਦੇ ਦਿਓਰ ਦੇ ਪੁੱਤਰਾਂ ਨੇ ਜਗਨੋ ਦੇ ਭਰਾ ਦੇ ਪੁੱਤਰਾਂ ਨੂੰ ਭੂਆ ਤੋਂ ਪਰਵਾਰਕ ਸੈਟਲਮੈਂਟ 'ਚ ਮਿਲੀ ਜ਼ਮੀਨ 'ਤੇ ਦਾਅਵੇ ਦਾ ਕੇਸ ਕੀਤਾ। ਉਸ ਵਿੱਚ ਜਗਨੋ ਨੇ ਲਿਖਤੀ ਬਿਆਨ ਦੇ ਕੇ ਭਰਾ ਦੇ ਪੁੱਤਰਾਂ ਦੇ ਕੇਸ ਦਾ ਸਮਰਥਨ ਕੀਤਾ ਅਤੇ ਕੋਰਟ ਨੇ ਸਮਰਥਨ ਵਿੱਚ ਬਿਆਨ ਆਉਣ ਪਿੱਛੋਂ ਭਰਾ ਦੇ ਪੁੱਤਰਾਂ ਦੇ ਹੱਕ ਵਿੱਚ 19 ਅਗਸਤ 1991 ਨੂੰ ਡਿਗਰੀ ਪਾਸ ਕਰ ਦਿੱਤੀ।ਇਸ ਤੋਂ ਬਾਅਦ ਜਗਨੋ ਦੇ ਦਿਓਰ ਬਾਲੀ ਰਾਮ ਦੇ ਬੱਚਿਆਂ ਨੇ ਅਦਾਲਤ ਵਿੱਚ ਕੇਸ ਕਰ ਕੇ ਪਰਵਾਰਕ ਸਮਝੌਤੇ 'ਚ ਜਗਨੋਂ ਦੇ ਆਪਣੇ ਭਰਾ ਦੇ ਪੁੱਤਰਾਂ ਨੂੰ ਪਰਵਾਰ ਦੀ ਜ਼ਮੀਨ ਦੇਣ ਦਾ ਵਿਰੋਧ ਕੀਤਾ। ਦਿਓਰ ਦੇ ਬੱਚਿਆਂ ਨੇ ਕੋਰਟ ਤੋਂ 19 ਅਗਸਤ 1991 ਦਾ ਹੁਕਮ ਰੱਦ ਕਰਨ ਦੀ ਮੰਗ ਕਰਦੇ ਹੋਏ ਦਲੀਲ ਦਿੱਤੀ ਕਿ ਪਰਵਾਰਕ ਸਮਝੌਤੇ ਵਿੱਚ ਬਾਹਰੀ ਲੋਕਾਂ ਨੂੰ ਪਰਵਾਰ ਦੀ ਜ਼ਮੀਨ ਨਹੀਂ ਦਿੱਤੀ ਜਾ ਸਕਦੀ। ਜੇ ਜਗਨੋ ਦੇ ਭਰਾ ਦੇ ਪੁੱਤਰਾਂ ਨੂੰ ਜ਼ਮੀਨ ਦਿੱਤੀ ਤਾਂ ਉਸ ਨੂੰ ਰਜਿਸਟਰਡ ਕਰਵਾਇਆ ਜਾਣਾ ਚਾਹੀਦਾ ਸੀ ਕਿਉਂਕਿ ਜਗਨੋ ਦੇ ਭਰਾ ਦੇ ਪੁੱਤਰ ਜਗਨੋ ਦੇ ਪਰਵਾਰ ਦੇ ਮੈਂਬਰ ਨਹੀਂ ਮੰਨੇ ਜਾਣਗੇ। ਹੇਠਲੀ ਅਦਾਲਤ ਤੋਂ ਲੈ ਕੇ ਹਾਈ ਕੋਰਟ ਤੱਕ ਮੁਕੱਦਮਾ ਰੱਦ ਹੋਣ ਤੋਂ ਬਾਅਦ ਦਿਓਰ ਦੇ ਬੱਚੇ ਖੁਸ਼ੀ ਰਾਮ ਤੇ ਹੋਰ ਸੁਪਰੀਮ ਕੋਰਟ ਪੁੱਜੇ ਸਨ।

# ਨਾਸਾ ਦੇ ਰੋਵਰ ਨੇ ਮੰਗਲ ਗ੍ਰਹਿ ਤੋਂ ਪਹਿਲੀ ਵੀਡੀਓ ਭੇਜੀ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਮੰਗਲ ਗ੍ਰਹਿ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇਸ਼ੇਅਰ ਕੀਤੀ ਹੈ। ਇਹ ਵੀਡੀਓਪਿੱਛਲੇ ਦਿਨੀਂ ਮੰਗਲ ਉੱਤੇ ਗਏ ਨਾਸਾ ਦੇ ਪਰਸੀਵਰੈਂਸ ਰੋਵਰ ਨੇ ਭੇਜੀ ਹੈ, ਜਿਸ ਵਿੱਚ ਰੋਵਰ ਨੇ ਪੈਰਾਸ਼ੂਟ ਦੀ ਮਦਦ ਨਾਲ ਮੰਗਲ ਗ੍ਰਹਿ ਦੀ ਲਾਲ ਧਰਤੀ ਉੱਤੇ ਲੈਂਡ ਕਰਨ ਦੇ ਇੱਕ-ਇੱਕ ਪਲ ਨੂੰ ਕੈਮਰੇ ਵਿੱਚ ਕੈਦ ਕੀਤਾ ਹੈ। 19 ਫਰਵਰੀ ਨੂੰ ਮਾਰਸ ਮਿਸ਼ਨ ਹੇਠ ਨਾਸਾ ਦਾ ਪਰਸੀਵਰੈਂਸ ਰੋਵਰ ਧਰਤੀ ਤੋਂ ਉਡਾਣ ਭਰਨ ਤੋਂ ਸੱਤ ਮਹੀਨਿਆਂ ਬਾਅਦ ਸਫਲਤਾਪੂਰਵਕ ਮੰਗਲ ਗ੍ਰਹਿ ਉੱਤੇ ਲੈਂਡ ਹੋਇਆ ਸੀ। ਰੋਵਰ ਨੇ ਮੰਗਲ ਦੀਵੀਡੀਓ ਭੇਜੀ ਤਾਂ ਉਸ ਦੀਆਂ ਪਹਿਲੀਆਂ ਹਾਈ ਡੈਫੀਨੇਸ਼ਨ ਆਵਾਜ਼ਾਂ ਸੁਣਨ ਨੂੰ ਮਿਲੀਆਂ ਹਨ।



ਰਿਕਾਰਡ 25 ਕੈਮਰਿਆਂ ਵਾਲੇ ਪਰਸੀਵਰੈਂਸ ਰੋਵਰ ਨੇ ਵੱਖ-ਵੱਖ ਪਾਸਿਆਂ ਤੋਂ ਮੰਗਲ ਦੀ ਲਾਲ ਬੱਜਰੀ ਵਾਲੀ ਧਰਤੀ ਨੂੰ ਕੈਦ ਕੀਤਾ ਹੈ। ਮੰਗਲ ਦੀ ਸਤ੍ਹਾ ਦੇ ਇੰਨੀ ਨਜ਼ਦੀਕ ਦੀ ਵੀਡੀਓ ਪਹਿਲੀ ਵਾਰ ਆਈ ਹੈ। ਵੀਡੀਓ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ ਮੰਗਲ ਗ੍ਰਹਿ ਦੀ ਸਤ੍ਹਾ ਬਹੁਤ ਖ਼ਰਾਬ ਹੈ, ਜਿਸ ਉੱਤੇ ਵੱਡੇ-ਵੱਡੇ ਟੋਏ ਵੀ ਦਿਖਾਈ ਦੇ ਰਹੇ ਹਨ। ਇਸ ਵੀਡੀਓ ਨੂੰ ਦੇਖ ਕੇ ਪ੍ਰਤੀਤ ਹੁੰਦਾ ਹੈ, ਜਿਵੇਂ ਮੰਗਲ ਗ੍ਰਹਿ ਕੋਈ ਲਾਲ ਰੇਗਿਸਤਾਨ ਹੋਵੇ। ਵੀਡੀਓ ਵਿੱਚ ਦਿਸਦਾ ਹੈ ਕਿ ਜਿਵੇਂ-ਜਿਵੇਂ ਰੋਵਰ ਮੰਗਲ ਗ੍ਰਹਿ ਦੀ ਸਤ੍ਹਾ ਦੇ ਨੇੜੇ ਆਉਂਦਾ ਹੈ, ਉਸ ਦੇ ਜੈਟ ਤੋਂ ਚੱਲਣ ਵਾਲੀਆਂ ਹਵਾਵਾਂ ਕਾਰਨ ਸਤ੍ਹਾ ਉੱਤੇ ਤੇਜ਼ੀ ਨਾਲ ਮਿੱਟੀ ਉਡਣ ਲਗਦੀ ਹੈ। ਇਹ ਵੀਡੀਓ ਉਦੋਂ ਦੀ ਹੈ, ਜਦੋਂ ਰੋਵਰ ਸਤ੍ਹਾ ਤੋਂ ਸਿਰਫ਼ 20 ਮੀਟਰ ਦੀ ਦੂਰ ਸੀ। ਸਤ੍ਹਾ ਦੇ ਕਰੀਬ ਪਹੁੰਚਦਿਆਂ ਹੀ ਰੋਵਰ ਦੇ ਅੱਠ ਪਹੀਏ ਖੁੱਲ੍ਹਣ ਲਗਦੇ ਹਨ ਅਤੇ ਇਸ ਦੇ ਕੁਝ ਸੈਕੰਡ ਬਾਅਦ ਹੀ ਰੋਵਰ ਮੰਗਲ ਗ੍ਰਹਿ ਦੀ ਸਤ੍ਹਾ ਉੱਤੇ ਲੈਂਡ ਕਰ ਜਾਂਦਾ ਹੈ।

## ਕਾਰ ਤੇ ਟਰੱਕ ਵਿਚਾਲੇ ਟੱਕਰ ਕਾਰਨ ਛੇ ਜਣਿਆਂ ਦੀ ਮੌਤ

ਪਟਨਾ, 25 ਫਰਵਰੀ (ਪੋਸਟ ਬਿਊਰੋ)- ਬਿਹਾਰ ਦੇ ਕਟਿਹਾਰ ਵਿੱਚ ਸੜਕ ਹਾਦਸੇ ਦੌਰਾਨ ਛੇ ਲੋਕਾਂ ਦੀ ਮੌਤ ਹੋ ਗਈ ਤੇ ਤਿੰਨ ਲੋਕ ਗੰਭੀਰ ਜ਼ਖ਼ਮੀ ਹੋ ਗਏ। ਇਹ ਹਾਦਸਾ ਨੈਸ਼ਨਲ ਹਾਈਵੇਅ 31 ਨੇੜੇ ਵਾਪਰਿਆ।

ਹਾਦਸੇ ਦਾ ਸ਼ਿਕਾਰ ਹੋਏ ਲੋਕ ਸਮਸਤੀਪੁਰ ਜ਼ਿਲ੍ਹੇ ਦੇ ਵਸਨੀਕ ਦੱਸੇ ਜਾ ਰਹੇ ਹਨ। ਇਥੇ ਪੁਲ ਉੱਤੇ ਤੇਜ਼ ਰਫ਼ਤਾਰ ਟਰੱਕ ਅਤੇ ਐਸਯੂਵੀ ਵਿਚਾਲੇ ਟੱਕਰ ਦੌਰਾਨ ਕਾਰ ਸਵਾਰ ਨੌਂ ਲੋਕਾਂ ਵਿੱਚੋਂ ਛੇ ਦੀ ਮੌਤ ਹੋ ਗਈ ਤੇ ਤਿੰਨ ਲੋਕ ਗੰਭੀਰ ਜ਼ਖ਼ਮੀ ਦੱਸੇ ਗਏ ਹਨ। ਸਥਾਨਕ ਪ੍ਰਸ਼ਾਸਨ ਨੇ ਘਟਨਾ ਵਾਲੀ ਥਾਂ ਉੱਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਕਾਰ ਵਿੱਚ ਸਵਾਰ ਪਰਵਾਰ ਆਪਣੀ ਲੜਕੀ ਦੇ ਵਿਆਹ ਲਈ ਲੜਕਾ ਦੇਖਣ ਫੁਲਵਰੀਆ ਗਿਆ ਅਤੇ ਲੜਕਾ ਦੇਖਣ ਤੋਂ ਬਾਅਦ ਵਾਪਸ ਘਰ ਜਾ ਰਹੇ ਸੀ। ਇਸ ਦੌਰਾਨ ਹਾਦਸਾ ਵਾਪਰ ਗਿਆ।

# ਲਾਲ ਕਿਲ੍ਹਾ ਹਿੰਸਾ ਕੇਸ : 19 ਲੋਕ ਗ੍ਰਿਫ਼ਤਾਰ, 25 ਮੁਕੱਦਮੇ ਦਰਜ ਕੀਤੇ ਗਏ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕੱਲ੍ਹ ਦਿੱਲੀ ਹਾਈਕੋਰਟ ਨੂੰ ਦੱਸਿਆ ਕਿ ਬੀਤੀ 26 ਜਨਵਰੀ ਨੂੰ ਲਾਲ ਕਿਲ੍ਹੇ ਵਿਖੇ ਵਾਪਰੀ ਘਟਨਾ ਦੇ ਸਬੰਧ ਵਿੱਚ ਅੱਜ ਤੱਕ 19 ਲੋਕਾਂ ਦੀ ਗ੍ਰਿਫ਼ਤਾਰੀ ਹੋਈ ਹੈ ਅਤੇ 25 ਕੇਸ ਦਰਜ ਕੀਤੇ ਗਏ ਹਨ, ਜਿਨ੍ਹਾਂ ਮੁਤਾਬਕ ਕਾਰਵਾਈ ਕੀਤੀ ਜਾ ਰਹੀ ਹੈ।

ਐਡੀਸ਼ਨਲ ਸਾਲਿਸਟਰ ਜਨਰਲ ਚੇਤਨ ਸ਼ਰਮਾ ਤੇ ਕੇਂਦਰ ਸਰਕਾਰ ਦੇ ਐਡਵੋਕੇਟ ਅਜੇ ਦਿਗਪਾਲ ਨੇ ਅਦਾਲਤ ਨੂੰ ਦੱਸਿਆ ਕਿ ਇਸੇ ਮਾਮਲੇ ਵਿੱਚ 50 ਲੋਕਾਂ ਨੂੰ ਗ੍ਰਿਫਤਾਰਾ ਕੀਤਾ ਹੈ। ਉਨ੍ਹਾਂ



ਦੱਸਿਆ ਕਿ ਲਾਲ ਕਿਲ੍ਹੇ ਦੀ ਸੁਰੱਖਿਆ ਤੇ ਬਚਾਅ ਲਈ ਸੁਰੱਖਿਆ ਕਰਮੀ ਤੈਨਾਤ ਕੀਤੇ ਗਏ ਹਨ। ਸਰਕਾਰ ਤੋਂ ਪ੍ਰਾਪਤ ਸੂਚਨਾਵਾਂ ਦਾ ਨੋਟਿਸ ਲੈਂਦੇ ਹੋਏ ਮੁੱਖ ਜੱਜ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਜਸਮੀਤ ਸਿੰਘ ਦੀ ਅਗਵਾਈ ਵਾਲੇ ਬੈਂਚ ਨੇ ਪੁੱਛਿਆ ਕਿ ਕੀ ਇਸੇ ਤਰ੍ਹਾਂ ਕੋਈ ਅਰਜ਼ੀ ਸੁਪਰੀਮ ਕੋਰਟ ਵਿੱਚ ਵੀ ਦਿੱਤੀ ਗਈ ਹੈ ਜਾਂ ਉਸ 'ਤੇ ਸੁਣਵਾਈ ਚੱਲਦੀ ਹੈ ਜਾਂ ਅਦਾਲਤ ਨੇ ਉਸ ਦਾ ਨਿਪਟਾਰਾ ਕਰ ਦਿੱਤਾ ਹੈ? ਅਦਾਲਤ ਨੇ ਦਿੱਲੀ ਦੇ ਧਨੰਜੇ ਜੈਨ ਦੀ ਅਰਜ਼ੀ ਨੂੰ ਸੂਚੀਬੱਧ ਕਰਦੇ ਹੋਏ ਕੇਂਦਰ ਸਰਕਾਰ ਨੂੰ ਕਿਹਾ ਕਿ ਇਸ ਤਰ੍ਹਾਂ ਦਾ ਕੋਈ ਕੇਸਸੁਪਰੀਮ ਕੋਰਟ ਵਿੱਚ ਹੈ ਤਾਂ ਉਸ ਬਾਰੇ ਦੱਸਿਆ ਜਾਵੇ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



## ਮਾਂ ਦਾ ਟੀਕਾਕਰਨਗਰਭ ਵਿਚਲੇ ਬੱਚੇ ਨੂੰ ਕੋਰੋਨਾ ਤੋਂ ਬਚਾ ਸਕਦੈ

ਅਮਰੀਕਾ, 25 ਫਰਵਰੀ (ਪੋਸਟ ਬਿਊਰੋ)- ਕੋਰੋਨਾ ਵਾਇਰਸ (ਕੋਵਿਡ 19) ਤੋਂ ਬਚਾਅ ਕਰਨ ਵਾਲੀ ਐਂਟੀਬਾਡੀ ਮਾਵਾਂ ਦੀ ਕੁੱਖ ਵਿੱਚ ਪਲਦੇ ਬੱਚਿਆਂ ਵਿੱਚ ਜਾ ਸਕਦੀ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਮਾਂ ਬਣਨ ਜਾ ਰਹੀਆਂ ਔਰਤਾਂ ਦੇ ਟੀਕਾਕਰਣ ਨਾਲ ਗਰਭ ਵਿਚਲੇ ਬੱਚਿਆਂ ਨੂੰ ਵੀ ਲਾਭ ਹੋ ਸਕਦਾ ਹੈ।
ਇੱਕ ਨਵੀਂ ਖੋਜ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜ਼ਿਆਦਾਤਰ ਅਜਿਹੇ ਬੱਚਿਆਂ ਦੇ ਖੂਨ ਵਿੱਚ ਐਂਟੀਬਾਡੀ ਦੀ ਮੌਜੂਦਗੀ ਪਾਈ ਗਈ ਹੈ। ਖੋਜਕਾਰਾਂ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਕਿਸੇ ਨਵਜੰਮੇ ਬੱਚੇ ਦੇ ਕੋਰੋਨਾ ਪੀੜਤ ਹੋਣ ਦਾ ਸਬੂਤ ਨਹੀਂ ਮਿਲਿਆ। ਇਹ ਸਾਰੇ ਬੱਚੇ ਜਨਮ ਦੇ ਸਮੇਂ ਨੈਗੇਟਿਵ ਪਾਏ ਗਏ ਸਨ। ਇਹ ਵੀ ਸੰਕੇਤ ਮਿਲਦਾ ਹੈ ਕਿ ਗਰਭ ਵਿੱਚ ਪਲਦੇ ਬੱਚਿਆਂ ਦੇ ਖੂਨ ਵਿੱਚ ਇਸੇਨਾਲ ਐਂਟੀਬਾਡੀ ਪਹੁੰਚੀ ਹੈ। ਗਰਭ-ਨਾਲੀ ਦੇ ਰਾਹੀਂ ਬੱਚਿਆਂ ਤੱਕ ਆਕਸੀਜਨ ਅਤੇ ਪੌਸ਼ਟਿਕ ਤੱਤ ਪਹੁੰਚਦੇ ਹਨ। ਅਮਰੀਕਾ ਦੀ ਕਾਰਨੇਲ ਯੂਨੀਵਰਸਿਟੀ ਦੀ ਖੋਜਕਰਤਾ ਯਾਵੇਈ ਜੇਨੀ ਯਾਂਗ ਨੇ ਕਿਹਾ, 'ਅਸੀਂ ਕਹਿ ਸਕਦੇ ਹਾਂ ਕਿ ਗਰਭਵਤੀ ਔਰਤਾਂ ਵਿੱਚ ਕੋਰੋਨਾ ਦੇ ਖਿਲਾਫ ਬਣਨ ਵਾਲੀ ਐਂਟੀਬਾਡੀ ਉਨ੍ਹਾਂ ਦੇ ਬੱਚਿਆਂ ਵਿੱਚ ਪਹੁੰਚ ਸਕਦੀ ਹੈ। ਪਹਿਲਾਂ ਇਹ ਅੰਦਾਜ਼ਾ ਸੀ ਕਿ ਟੀਕਾਕਰਣ ਦੇ ਬਾਅਦ ਸਰੀਰ ਵਿੱਚ ਬਣਨ ਵਾਲੀ ਐਂਟੀਬਾਡੀ ਗਰਭ 'ਚ ਬੱਚੇ ਦੇ ਨੇੜੇ ਹੋ ਸਕਦੀ ਹੈ।' ਖੋਜ ਮੁਤਾਬਕ ਇਹ ਨਤੀਜਾ ਉਨ੍ਹਾਂ 88 ਔਰਤਾਂ ਦੇ ਖੂਨ ਦੇ ਨਮੂਨਿਆਂ ਦੀ ਜਾਂਚ ਪਿੱਛੋਂ ਕੱਢਿਆ ਗਿਆ ਹੈ, ਜੋ ਬੀਤੇ ਸਾਲ ਮਾਰਚ ਤੋਂ ਮਈ ਦੇ ਦੌਰਾਨ ਮਾਂ ਬਣੀਆਂ ਸਨ। ਇਨ੍ਹਾਂ ਸਭ ਔਰਤਾਂ ਦੇ ਖੂਨ ਵਿੱਚ ਐਂਟੀਬਾਡੀ ਦੀ ਮੌਜੂਦਗੀ ਮਿਲੀ ਸੀ, ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਉਹ ਸਾਰੀਆਂ ਵਾਇਰਸ ਦੇ ਸੰਪਰਕ ਵਿੱਚ ਆਈਆਂ ਸਨ। ਇਨ੍ਹਾਂ ਔਰਤਾਂ ਵਿੱਚੋਂ 58 ਫੀਸਦੀ ਵਿੱਚ ਕੋਰੋਨਾ ਇਨਫੈਕਸ਼ਨ ਦਾ ਕੋਈ ਲੱਛਣ ਨਹੀਂ ਪਾਇਆ ਗਿਆ ਸੀ।

## ਜਰਮਨੀ ਵਿੱਚ ਇਸਲਾਮਿਕ ਸਟੇਟ ਦਾ ਮੈਂਬਰ ਬਣੇ ਸਾਬਕਾ ਇਮਾਮ ਨੂੰ ਸਾਢੇ ਦਸ ਸਾਲ ਦੀ ਸਜ਼ਾ



ਬਰਲਿਨ, 25 ਫਰਵਰੀ (ਪੋਸਟ ਬਿਊਰੋ)- ਜਰਮਨੀ ਵਿੱਚ ਇੱਕ ਮਸਿਜਦ ਦੇ ਸਾਬਕਾ ਇਮਾਮ ਨੂੰ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਦਾ ਮੈਂਬਰ ਹੋਣ ਕਾਰਨ ਸਾਢੇ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।
ਮਿਲੀ ਜਾਣਕਾਰੀ ਅਨੁਸਾਰ ਉੱਤਰੀ ਜਰਮਨੀ ਦੇ ਸੇਲੇ ਦੀ ਅਦਾਲਤ ਨੇ ਅਹਿਮਦ ਅਬਦੁਲ ਅਜੀਜ ਅਬਦੁਲਾ ਉਰਫ ਅਬੂ ਵਾਲਾ ਨੂੰ ਸਜ਼ਾ ਸੁਣਾਈ ਹੈ। ਅਦਾਲਤ ਨੇ ਸਬੂਤ ਮਿਲਿਆ ਕਿ ਅਬੂ ਵਾਲਾ ਅਤੇ ਉਸ ਦਾ ਗਿਰੋਹ ਉੱਤਰੀ ਅਤੇ ਪੱਛਮੀ ਜਰਮਨੀ ਵਿੱਚ ਨੌਜਵਾਨਾਂ ਨੂੰ ਕਟੜਪੰਥੀ ਬਣਾਉਂਦਾ ਅਤੇ ਆਈ ਐਸ ਦੇ ਕੰਟਰੋਲ ਵਾਲੇ ਖੇਤਰਾਂ ਵਿੱਚ ਭੇਜਦਾ ਸੀ। ਅਦਾਲਤ ਨੇ ਇਮਾਮ ਦੇ ਤਿੰਨ ਸਾਥੀ ਦੋਸ਼ੀਆਂ ਨੂੰ ਆਈ ਐਸ ਦਾ ਮੈਂਬਰ ਹੋਣ ਅਤੇ ਹੋਰ ਦੋਸ਼ਾਂ ਵਿੱਚ ਸ਼ਾਮਲ ਹੋਣ ਦੇ ਲਈ ਚਾਰ ਸਾਲ ਅਤੇ ਦੋ ਹਫ਼ਤਿਆਂ ਤੋਂ ਅੱਠ ਸਾਲ ਤੱਕ ਸਜ਼ਾ ਸੁਣਾਈ ਹੈ। ਇਮਾਮ ਅਬੂ ਵਾਲਾ 37 ਸਾਲਾ ਇਰਾਕੀ ਨਾਗਰਿਕ ਹੈ ਅਤੇ ਉਸ ਉਤੇ ਸਤੰਬਰ, 2017 ਤੋਂ ਕੇਸ ਚੱਲ ਰਿਹਾ ਸੀ। ਉਹ ਹਿਲਡਸ਼ਾਇਮ ਸ਼ਹਿਰ ਦੀ ਇੱਕ ਕਟੜਪੰਥੀ ਮਜਿਸਦ ਦਾ ਇਮਾਮ ਸੀ ਅਤੇ ਜਰਮਨੀ ਤੇ ਹੋਰ ਜਗ੍ਹਾ 'ਤੇ ਇਸਲਾਮਿਕ ਸੰਮੇਲਨ ਕਰਾਉਂਦਾ ਹੁੰਦਾ ਸੀ। ਜਰਮਨ ਅਧਿਕਾਰੀਆਂ ਨੇ ਮਸਜਿਦ ਦਾ ਸੰਚਾਲਨ ਕਰਨ ਵਾਲੇ ਸੰਗਠਨ 'ਤੇ ਮਾਰਚ, 2017 ਵਿੱਚ ਪਾਬੰਦੀ ਲਾ ਦਿੱਤੀ ਸੀ।

# ਇਮਰਾਨ ਖਾਨ ਨੇ ਕਿਹਾ, ਭਾਰਤ-ਪਾਕਿ ਗੱਲਬਾਤ ਨਾਲ ਕਸ਼ਮੀਰ ਮਸਲਾ ਸੁਲਝ ਸਕਦੈ



ਕੋਲੰਬੋ, 25 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੱਲ੍ਹ ਕਿਹਾ ਕਿ ਭਾਰਤ ਦੇ ਨਾਲ ਇੱਕੋ-ਇੱਕ ਕਸ਼ਮੀਰ ਬਾਰੇ ਝਗੜਾ ਹੈ ਅਤੇ ਇਸ ਨੂੰ ਗੱਲਬਾਤ ਨਾਲ ਸੁਲਝਾਇਆ ਜਾ ਸਕਦਾ ਹੈ।
ਦੋ ਦਿਨ ਦੀ ਯਾਤਰਾ ਲਈ ਕੋਲੰਬੋ ਪਹੁੰਚੇ ਇਮਰਾਨ ਖਾਨ ਇਥੇ ਸ੍ਰੀਲੰਕਾ-ਪਾਕਿਸਤਾਨ ਵਪਾਰ ਤੇ ਨਿਵੇਸ਼ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਇਸ ਸੰਮੇਲਨ ਵਿੱਚ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਵੀ ਸਨ। ਇਮਰਾਨ ਨੇ ਕਿਹਾ ਕਿ 2018 ਵਿੱਚ ਪ੍ਰਧਾਨ ਮੰਤਰੀ ਬਣਨ ਪਿੱਛੋਂ ਉਨ੍ਹਾਂ ਨੇ ਭਾਰਤ ਨਾਲ ਸ਼ਾਂਤੀ ਵਾਰਤਾ ਦੀ ਪੇਸ਼ਕਸ਼ ਕੀਤੀ ਸੀ, ਪਰ ਕੁਝ ਨਹੀਂ ਹੋਇਆ। ਉਨ੍ਹਾਂ ਨੇ ਕਿਹਾ, ਸਾਡੇ ਵਿੱਚ ਸਿਰਫ ਕਸ਼ਮੀਰ ਬਾਰੇ ਝਗੜਾ ਹੈ, ਜਿਸ ਨੂੰ ਗੱਲਬਾਤ ਨਾਲ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਸ ਤਰ੍ਹਾਂ ਇੱਕ ਹੱਲ ਦੀ ਗੱਲ ਸ਼ੁਰੂ ਕੀਤੀ ਹੈ।
ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤ ਨੇ ਵੀ ਕਿਹਾ ਸੀ ਕਿ ਉਹ ਅੱਤਵਾਦ ਮੁਕਤ ਮਾਹੌਲ ਵਿੱਚ ਪਾਕਿਸਤਾਨ ਦੇ ਨਾਲ ਆਮ ਗਵਾਂਢੀ ਵਾਲੇ ਸਬੰਧ ਚਾਹੁੰਦਾ ਹੈ, ਪਰ ਇਹ ਪਾਕਿਸਤਾਨ 'ਤੇ ਹੈ ਕਿ ਉਹ ਦੁਸ਼ਮਣੀ ਛੱਡੇ ਅਤੇ ਅੱਤਵਾਦ ਮੁਕਤ ਮਾਹੌਲ ਬਣਾਏ। ਇਮਰਾਨ ਖਾਨ ਨੇ ਇਹ ਗੱਲ ਦੋਹਰਾਈ ਕਿ ਉਨ੍ਹਾਂ ਨੇ ਸੱਤਾ ਸੰਭਾਲਣ ਦੇ ਤੁਰੰਤ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਖੇਤਰੀ ਮੁੱਦਿਆਂ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਕਿਹਾ, 'ਮੈਂ ਸਫਲ ਨਹੀਂ ਰਿਹਾ, ਪਰ ਮੈਨੂੰ ਆਸ ਹੈ ਕਿ ਇੱਕ ਨਾ ਇੱਕ ਦਿਨ ਅਜਿਹਾ ਆਵੇਗਾ, ਜਦੋਂ ਇਸ ਮਹਾਂਦੀਪ ਵਿੱਚ ਗਰੀਬੀ ਮਿਟਾਉਣ ਦੇ ਲਈ ਵਪਾਰਕ ਰਿਸ਼ਤੇ ਮਜ਼ਬੂਤ ਹੋਣਗੇ।' ਉਨ੍ਹਾਂ ਕਿਹਾ ਕਿ ਅਸੀਂ ਚੰਗੇ ਦੇਸ਼ਾਂ ਦੀ ਤਰ੍ਹਾਂ ਆਪਸੀ ਸਬੰਧ ਬਣਾ ਕੇ ਉਸੇ ਤਰ੍ਹਾਂ ਇਕੱਠੇ ਰਹੀਏ, ਜਿਵੇਂ ਯੂਰਪੀ ਦੇਸ਼ ਰਹਿੰਦੇ ਹਨ। ਇਮਰਾਨ ਨੇ ਸ੍ਰੀਲੰਕਾ ਦੇ ਬੋਧੀਆਂ ਨੂੰ ਪਾਕਿਸਤਾਨ ਆਉਣ ਅਤੇ ਬੁੱਧ ਵਿਰਾਸਤੀ ਸਥਾਨਾਂ ਦਾ ਦੌਰਾ ਕਰਨ ਦਾ ਸੱਦਾ ਦਿੱਤਾ।

## ਗਲਵਾਨ ਝੜਪ ਵਿੱਚ ਚੀਨੀ ਫੌਜੀਆਂ ਦੀ ਮੌਤ ਉੱਤੇ ਕਿੰਤੂ ਕਰਨ ਵਾਲੇ ਤਿੰਨ ਪੱਤਰਕਾਰ ਗ੍ਰਿਫ਼ਤਾਰ



ਪੇਈਚਿੰਗ , 25 ਫਰਵਰੀ (ਪੋਸਟ ਬਿਊਰੋ)- ਪਿਛਲੇ ਦਿਨੀਂ ਚੀਨ ਨੇ ਸਰਕਾਰੀ ਤੌਰ ਉੱਤੇ ਇਹ ਮੰਨਿਆ ਸੀ ਕਿ ਪਿਛਲੇ ਸਾਲ ਪੂਰਬੀ ਲੱਦਾਖ ਦੇ ਗਲਵਾਨ ਘਾਟੀ ਇਲਾਕੇ ਵਿੱਚ ਉਸ ਵਿੱਚ ਉਸਦੇ ਚਾਰ ਫੌਜੀ ਮਾਰੇ ਗਏ ਸਨ। ਇਸ ਕੇਸ ਵਿੱਚ ਸਾਹਮਣੇ ਆਈਆਂ ਕਈਆਂ ਰਿਪੋਰਟਾਂ ਦੇ ਮੁਕਾਬਲੇ ਮਰਨ ਵਾਲੇ ਫੌਜੀਆਂ ਦੀ ਗਿਣਤੀ ਕੇਵਲ ਚਾਰ ਦੱਸੇ ਜਾਣ ਉੱਤੇ ਚੀਨ ਦੇ ਕੁਝ ਪੱਤਰਕਾਰਾਂ ਨੇ ਸ਼ੱਕਪ੍ਰਗਟ ਕਰਦੇ ਹੋਏ ਸਵਾਲ ਉਠਾਏ ਸਨ, ਜਿਸ ਦੇ ਜਵਾਬ ਵਿੱਚ ਚੀਨ ਨੇ ਆਪਣੇ ਹੀ ਦੇਸ਼ ਦੇ ਤਿੰਨ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਪੱਤਰਕਾਰਾਂ ਉੱਤੇ'ਫੌਜੀਆਂ ਦੀ ਸ਼ਹਾਦਤ ਦਾ ਅਪਮਾਨ' ਕਰਨ ਦਾ ਦੋਸ਼ ਲਾਇਆ ਗਿਆ ਹੈ ਅਤੇ ਅਗਲੀ ਕਾਰਵਾਈ ਜਾਰੀ ਹੈ।
ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਲੋਕਾਂ ਵਿੱਚ ਕਿਊ ਜਿਮਿੰਗ ਅਤੇ ਦੋ ਬਲਾਗਰ ਸ਼ਾਮਲ ਹਨ। ਕਿਊ ਜਿਮਿੰਗ ਨੇ ਚੀਨ ਦੇ ਅਕੰੜਿਆਂ ਬਾਰੇ ਸੋਸ਼ਲ ਮੀਡੀਆ ਉੱਤੇ ਟਿੱਪਣੀ ਕੀਤੀ ਸੀ। ਇਸਦੇ ਨਾਲ ਉਨ੍ਹਾਂ ਨੇ ਇਹ ਅੰਕੜਾ ਇੰਨੀ ਦੇਰ ਬਾਅਦ ਜਾਰੀ ਕਰਨ ਉੱਤੇ ਵੀ ਸਵਾਲ ਕੀਤਾ ਅਤੇ ਚੀਨੀ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਲਿਖਿਆ ਸੀ, 'ਭਾਰਤ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਉਹ ਜਿੱਤ ਵੀ ਗਏ ਤੇ ਕੀਮਤ ਵੀ ਘੱਟ ਚੁਕਾਈ।' ਇਸ ਦੇ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੱਸ ਦੇਈਏ ਕਿ ਇੱਕ ਅਮਰੀਕੀ ਖੁਫੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਇਸ ਝੜਪ ਵਿੱਚ ਚੀਨ ਦੇ ਘੱਟ ਤੋਂ ਘੱਟ 35 ਫੌਜੀ ਮਾਰੇ ਗਏ ਸਨ, ਪਰ ਚੀਨ ਇਸ ਗੱਲ ਨੂੰ ਨਹੀਂ ਮੰਨਦਾ।

# ਭਾਰਤ ਵੱਲੋਂ ਮਾਰੀਸ਼ਸ ਨੂੰ 10 ਕਰੋੜ ਡਾਲਰ ਰੱਖਿਆ ਕਰਜ਼ ਦੇਣ ਦੀ ਪੇਸ਼ਕਸ਼



ਪੋਰਟ ਲੁਈਸ, 25 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਾਥ ਵਿਚਾਲੇ ਹੋਈ ਗੱਲਬਾਤ ਦੇ ਬਾਅਦ ਭਾਰਤ ਨੇ ਕੱਲ੍ਹ ਰੱਖਿਆ ਜਾਇਦਾਦ ਦੀ ਖਰੀਦ ਕਰਨ ਵਿੱਚ ਸਹਾਇਤਾ ਕਰਨ ਲਈ ਮਾਰੀਸ਼ਸ ਨੂੰ 10 ਕਰੋੜ ਡਾਲਰ ਕਰਜ਼ਾ ਦੇਣ ਦੀ ਪੇਸ਼ਕਸ਼ ਕੀਤੀ ਅਤੇ ਦੋਵਾਂ ਦੇਸ਼ਾਂ ਨੇ ਵਿਆਪਕ ਆਰਥਿਕ ਸਹਿਯੋਗ ਭਾਈਵਾਲੀ ਸਮਝੌਤੇ ਉੱਤੇ ਦਸਤਖ਼ਤ ਕੀਤੇ ਹਨ। ਇਸ ਸੰਬੰਧ ਵਿੱਚ ਵਿਦੇਸ਼ ਮੰਤਰੀ ਜੈਸ਼ੰਕਰ ਨੇ ਟਵੀਟ ਕੀਤਾ ਕਿ ਸਮੁੰਦਰ ਬਾਰੇ ਨੀਤੀ ਦੀ ਵਚਨਬੱਧਤਾ ਪ੍ਰਗਟ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਾਥ ਦੇ ਨਾਲ ਗੱਲਬਾਤ ਵਿੱਚ 10 ਕਰੋੜ ਡਾਲਰ ਰੱਖਿਆ ਕਰਜਾ ਦੇਣ ਦਾ ਪ੍ਰਸਤਾਵ ਦਿੱਤਾ ਗਿਆ ਹੈ। ਇਸ ਨਾਲ ਮਾਰੀਸ਼ਸ ਨੂੰ ਆਪਣੀਆਂ ਜ਼ਰੂਰਤਾਂ ਲਈ ਰੱਖਿਆ ਜਾਇਦਾਦ ਖਰੀਦਣ 'ਚ ਮਦਦ ਮਿਲੇਗੀ। ਦੋਵਾਂ ਦੇਸ਼ਾਂ ਨੇ ਮਾਰੀਸ਼ਸ ਵਾਸਤੇ ਸਮੁੰਦਰੀ ਨਿਗਰਾਨੀ ਦੀ ਸਮਰੱਥਾ ਵਧਾਉਣ ਲਈ ਭਾਰਤ ਵੱਲੋਂ ਡੋਰਨੀਅਰ ਹਵਾਈ ਜਹਾਜ਼ ਅਤੇ ਧਰੁਵ ਹੈਲੀਕਾਪਟਰ ਦੇ ਪ੍ਰਬੰਧਾਂ ਉੱਤੇ ਪੱਤਰਾਂ ਦਾ ਵਟਾਂਦਰਾ ਕੀਤਾ ਹੈ। ਜੈਸ਼ੰਕਰ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਸਾਡੇ ਵਿਸ਼ੇਸ਼ ਸਬੰਧਾਂ ਲਈ ਇਹ ਇੱਕ ਵਿਸ਼ੇਸ਼ ਦਿਨ ਹੈ। ਉਨ੍ਹਾਂ ਅੱਗੇ ਕਿਹਾ ਕਿ ਮਹਾਂਮਾਰੀ ਦੇ ਬਾਅਦ ਆਰਥਿਕ ਸਥਿਤੀ ਠੀਕ ਕਰਨ ਲਈ ਧਿਆਨ ਕੇਂਦਰਤ ਕਰਨ 'ਚ ਮਦਦ ਮਿਲੇਗੀ, ਕਾਰੋਬਾਰ ਦੇ ਵਿਸਥਾਰ ਅਤੇ ਜ਼ਿਆਦਾ ਨਿਵੇਸ਼ ਹੋਵੇਗਾ। ਜੈਸ਼ੰਕਰ, ਜੋ ਆਪਣੇ ਦੋ ਦੇਸ਼ਾਂ ਦੇ ਦੌਰੇ ਦੇ ਆਖਰੀ ਪੜਾਅ ਵਿੱਚ ਮਾਲਦੀਵ ਤੋਂ ਕੱਲ੍ਹ ਰਾਤ ਮਾਰੀਸ਼ਸ ਪੁੱਜੇ ਸਨ, ਨੇ ਉਨ੍ਹਾਂ ਨੂੰ ਭਾਰਤ 'ਚ ਬਣੀ ਕੋਵਿਡ-19 ਵੈਕਸੀਨ ਦੀਆਂ ਖਰੀਦੀਆਂ 10,000 ਹੋਰ ਖੁਰਾਕਾਂ ਵੀ ਸੌਂਪੀਆਂ। ਉਨ੍ਹਾਂ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਵੱਖ-ਵੱਖ ਬੁਨਿਆਦੀ ਢਾਂਚਿਆਂ ਦੇ ਅਮਲ ਦੀ ਸਥਿਤੀ ਉੱਤੇ ਵਿਵਥਾਰਤ ਵਿਚਾਰ ਚਰਚਾ ਕੀਤੀ ਤੇਇਸ ਨੂੰ ਅੱਗੇ ਲੈ ਕੇ ਜਾਣ ਲਈ ਮਾਰੀਸ਼ਸ ਦੀ ਸਮਰੱਥਾ ਦੀ ਸ਼ਲਾਘਾ ਕੀਤੀ।

### ਵਾਇਰਲੈਸ ਬਿਜਲੀ ਦੀ ਤਿਆਰੀ:

## ਨਿਊਜ਼ੀਲੈਂਡ-ਮਾਈਕ੍ਰੋਵੇਵ ਦੀ ਪਤਲੀ ਬੀਮ ਵਿੱਚ ਬਿਜਲੀ ਪਹੁੰਚੇਗੀ

ਆਕਲੈਂਡ, 25 ਫਰਵਰੀ (ਪੋਸਟ ਬਿਊਰੋ)- ਬਿਨਾਂ ਤਾਰਾਂ ਦੇ ਬਿਜਲੀ ਦੀ ਸਪਲਾਈ ਅੱਜ ਤੱਕ ਸਿਰਫ ਕਲਪਨਾ ਲੱਗਦੀ ਸੀ, ਪਰ ਨਿਊਜ਼ੀਲੈਂਡ ਦੀ ਇੱਕ ਫਰਮ ਐਮਰੋਡ, ਊਰਜਾ ਡਿਸਟ੍ਰੀਬਿਊਸ਼ਨ ਕੰਪਨੀ ਪਾਵਰਕੋ ਅਤੇ ਟੇਸਲਾ ਮਿਲ ਕੇ ਇਸ ਦਾ ਟਰਾਇਲ ਆਉਣ ਵਾਲੇ ਮਹੀਨਿਆਂ ਵਿੱਚ ਕਰਨ ਜਾ ਰਹੇ ਹਨ। ਇਹ ਤਿੰਨੇ ਆਕਲੈਂਡ ਉਤਰੀ ਟਾਪੂ ਵਿਚਲੇ ਇੱਕ ਸੋਲਰ ਫਾਰਮ ਤੋਂ ਕਈ ਕਿਲੋਮੀਟਰ ਦੂਰ-ਦੁਰਾਡੇ ਬਸਤੀਆਂ ਵਿੱਚ ਬੀਮ ਐਨਰਜੀ ਦੇ ਜ਼ਰੀਏ ਬਿਜਲੀ ਪਹੁੰਚਾਉਣ ਦੀ ਤਿਆਰੀ ਕਰ ਰਹੇ ਹਨ। ਇਸ ਟੈਕਨਾਲੋਜੀ ਨਾਲ ਮਾਈਕ੍ਰੋਵੇਵ ਦੀ ਬਹੁਤ ਪਤਲੀ ਬੀਮ ਵਜੋਂ ਬਿਜਲੀ ਪਹੁੰਚਾਈ ਜਾਏਗੀ। ਪਾਵਰ ਬੀਮਿੰਗ ਦੀ ਇਸ ਪ੍ਰਕਿਰਿਆ ਦਾ ਪਹਿਲਾਂ ਵੀ ਇਸਤੇਮਾਲ ਕੀਤਾ ਜਾ ਚੁੱਕਾ ਹੈ।
ਸਾਲ 1975 ਵਿੱਚ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਮਾਈਕ੍ਰੋਵੇਵ ਦੇ ਰਾਹੀਂ 1.6 ਕਿਲੋਮੀਟਰ ਦੂਰ ਤੱਕ 35.6 ਕਿਲੋਵਾਟ ਬਿਜਲੀ ਭੇਜਣ ਦਾ ਰਿਕਾਰਡ ਬਣਾਇਆ ਸੀ। ਇਸ ਦਾ ਇਸਤੇਮਾਲ ਕਾਰੋਬਾਰ ਦੇ ਲਈ ਨਹੀਂ ਕੀਤਾ ਗਿਆ। ਐਮਰੋਡ ਕੰਪਨੀ ਦੇ ਫਾਊਂਡਰ ਗ੍ਰੇਗ ਕੁਸ਼ਨਿਰ ਨੇ ਦੱਸਿਆ ਕਿ ਅਸੀਂ ਸ਼ੁਰੂ ਵਿੱਚ 1.8 ਕਿਲੋਮੀਟਰ ਤੱਕ ਕੁਝ ਕਿਲੋਵਾਟ ਬਿਜਲੀ ਭੇਜਾਂਗੇ। ਹੌਲੀ-ਹੌਲੀ ਦੂਰੀ ਤੇ ਪਾਵਰ ਦਾ ਵਾਧਾ ਕਰਾਂਗੇ। ਉਨ੍ਹਾਂ ਨੇ ਦੱਸਿਆ ਕਿ ਇਸ ਨਾਲ ਦੂਰ ਦੁਰਾਡੇ ਖੇਤਰਾਂ ਵਿੱਚ ਬਿਜਲੀ ਭੇਜਣ ਲਈ ਤਾਰਾਂ ਦੇ ਖਰਚ ਤੋਂ ਰਾਹਤ ਮਿਲੇਗੀ। ਕੁਸ਼ਨਿਰ ਦੇ ਮੁਤਾਬਕ ਬਿਨਾਂ ਤਾਰਾਂ ਦੇ ਬਿਜਲੀ ਦੇਣ ਦੀਆਂ ਦੋ ਹੋਰ ਟੈਕਨਾਲੋਜੀਜ਼ 'ਤੇ ਵੀ ਉਨ੍ਹਾਂ ਦੀ ਕੰਪਨੀ ਕੰਮ ਕਰ ਰਹੀ ਹੈ।

## ਮਹਾਰਾਣੀ ਐਲਿਜ਼ਾਬੈਥ ਦੇ ਰਿਸ਼ਤੇਦਾਰ ਨੂੰ ਬਲਾਤਕਾਰ ਦੀ ਕੋਸ਼ਿਸ਼ ਦੇ ਕੇਸ ਵਿੱਚ 10 ਮਹੀਨੇ ਕੈਦ



ਲੰਡਨ, 25 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਕੁਈਨ ਐਲਿਜ਼ਾਬੈਥ ਦੇ ਰਿਸ਼ਤੇਦਾਰ ਸਾਈਮਨ ਬੋਵਸ ਲਿਓਨ ਨੂੰ ਇੱਕ ਮਹਿਮਾਨ ਨਾਲ ਬਲਾਤਕਾਰ ਦੀ ਕੋਸ਼ਿਸ਼ ਦਾ ਦੋਸ਼ੀ ਕਰਾਰ ਦਿੱਤੇ ਜਾਣ ਪਿੱਛੋਂ ਅਦਾਲਤ ਨੇ 10 ਮਹੀਨੇ ਦੀ ਸਜ਼ਾ ਕੀਤੀ ਹੈ ਅਤੇ 10 ਸਾਲ ਲਈ ਸਰੀਰਕ ਸ਼ੋਸ਼ਣ ਦੇ ਅਪਰਾਧੀਆਂ ਵਿੱਚ ਨਾਂਅ ਦਰਜ ਕਰਨ ਦੇ ਹੁਕਮ ਦਿੱਤੇ ਹਨ।
ਸਾਈਮਨ ਬੋਵਸ, ਜੋ ਇਸ ਸਮੇਂ ਅਰਲ ਆਫ਼ ਸਟਰੈਥਮੋਰ ਅਤੇ ਕਿੰਗਹਾਰਨ ਹੈ, ਨੇ ਇਹ ਅਪਰਾਧ ਪਿਛਲੇ ਸਾਲ ਗਲੈਮਿਸ ਕਾਸਲ ਵਿਖੇ ਹੋਏ ਇੱਕ ਸਮਾਰੋਹ ਦੌਰਾਨ ਕੀਤਾ। ਇਹ ਕੈਸਲ ਮਹਾਰਾਣੀ ਦੀ ਮਾਂ ਦਾ ਘਰ ਸੀ। ਓਦੋਂ ਪੀੜਤ ਔਰਤ ਇੱਕ ਕਮਰੇ ਵਿੱਚ ਸੁੱਤੀ ਸੀ। ਰਿਪੋਰਟ ਅਨੁਸਾਰ 34 ਸਾਲਾ ਸਾਈਮਨ ਬੋਵਸ-ਲਿਓਨ ਨੇ ਔਰਤ ਨਾਲ 20 ਮਿੰਟ ਤੱਕ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਔਰਤ ਨੇ ਦੋਸ਼ ਲਾਇਆ ਕਿ ਅਰਲ ਆਫ਼ ਸਟਰੈਥਮੋਰ ਅਤੇ ਕਿੰਗਹਾਰਨ ਨੇ ਬਹੁਤ ਸ਼ਰਾਬ ਪੀਤੀ ਹੋਈ ਸੀ। ਔਰਤ ਨੇ ਸਾਈਮਨ ਦਾ ਪੂਰੀ ਤਾਕਤ ਨਾਲ ਵਿਰੋਧ ਕੀਤਾ ਤੇ ਕਮਰੇ ਵਿੱਚੋਂ ਬਾਹਰ ਆ ਕੇ ਹੋਰ ਮਹਿਮਾਨਾਂ ਨੂੰ ਇਸ ਬਾਰੇ ਦੱਸਿਆ। ਡੁੰਡੀ ਕਰਾਊਨ ਕੋਰਟ ਨੇ ਸਾਈਮਨ ਨੂੰ ਬੀਤੇ ਸਾਲ 13 ਫਰਵਰੀ ਨੂੰ ਵਾਪਰੇ ਉਕਤ ਜਿਨਸੀ ਹਮਲੇ ਦਾ ਦੋਸ਼ੀ ਕਰਾਰ ਦੇ ਦਿੱਤਾ ਸੀ ਅਤੇ 10 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।

# ਆਸਟਰੇਲੀਆ ਵਿੱਚ ਫੇਸਬੁੱਕ ਫਿਰ ਤੋਂ ਖਬਰਾਂ ਦੇਣਾ ਸ਼ੁਰੂ ਕਰੇਗੀ



ਮੈਲਬਰਨ, 25 ਫਰਵਰੀ (ਪੋਸਟ ਬਿਊਰੋ)- ਆਸਟਰੇਲੀਆ ਸਰਕਾਰ ਵੱਲੋਂ ਸੋਸ਼ਲ ਮੀਡੀਆ 'ਤੇ ਖਬਰੀ ਅਦਾਰਿਆਂ ਨੂੰ ਖਬਰਾਂ ਦਾ ਮੁੱਲ ਦੇਣ ਬਾਰੇ ਕਾਨੂੰਨ 'ਚ ਢਿੱਲ ਦੇਣ ਮਗਰੋਂ ਕੱਲ੍ਹ ਫੇਸਬੁੱਕ ਨੇ ਐਲਾਨ ਕੀਤਾ ਹੈ ਕਿ ਫਿਰ ਜਲਦੀ ਹੀ ਇਸ ਮੰਚ ਤੋਂ ਖਬਰਾਂ ਸਾਂਝੀਆਂ ਕਰਨ ਦੀ ਖੁੱਲ੍ਹ ਦਿੱਤੀ ਜਾਵੇਗੀ।
ਕੁਝ ਦਿਨ ਪਹਿਲਾਂ ਫੇਸਬੁੱਕ ਨੇ ਆਸਟਰੇਲੀਆ ਵਿੱਚ ਆਪਣੇ ਪਲੇਟਫਾਰਮ ਤੋਂ ਸਥਾਨਕ ਅਖਬਾਰਾਂ ਅਤੇ ਮੀਡੀਆ ਅਦਾਰਿਆਂ ਦੇ ਪੇਜਾਂ 'ਤੇ ਰੋਕ ਲਾ ਦਿੱਤੀ ਸੀ, ਜਿਸ ਮਗਰੋਂ ਲੋਕਾਂ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਖਜ਼ਾਨਾ ਮੰਤਰੀ ਦੇ ਮੁਤਾਬਕ ਫੇਸਬੁੱਕ ਦੀ ਇਸ ਕਾਰਵਾਈ ਦੇ ਪਹਿਲੇ ਦਿਨ ਤੋਂ ਇਸ ਦੇ ਮਾਲਕ ਮਾਰਕ ਜ਼ੁਕਰਬਰਗ ਨਾਲ ਚੱਲੀ ਗੱਲਬਾਤ ਦੇ ਸਾਰਥਕ ਨਤੀਜੇ ਨਿਕਲੇ ਹਨ ਅਤੇ ਸਹਿਮਤੀ ਮਗਰੋਂ ਫੇਸਬੁਕ ਮੁੜ ਆਸਟਰੇਲੀਆ ਵਿੱਚ ਖਬਰਾਂ ਸਾਂਝੀਆਂ ਕਰਨ ਦੀ ਖੁੱਲ੍ਹ ਦੇਵੇਗਾ। ਸਰਕਾਰ ਨੇ ਨਵੀਂ ਢਿੱਲ ਵਿੱਚ ਮੀਡੀਆ ਅਦਾਰਿਆਂ ਨਾਲ ਅਸਹਿਮਤੀ 'ਤੇ ਫੇਸਬੁੱਕ ਨੂੰ ਸਮਝੌਤੇ ਤੋਂ ਕਿਸੇ ਵੇਲੇ ਵੀ ਬਾਹਰ ਆਉਣ ਦੀ ਖੁੱਲ੍ਹ ਦਿੱਤੀ ਹੈ, ਜਦ ਕਿ ਪਹਿਲਾਂ 'ਸਮਝੌਤਾ ਤੋੜਨ ਉਤੇ ਸਖਤ ਕਾਰਵਾਈ' ਦੀ ਮੱਦ ਨੂੰ ਅਗਲੇ ਹਫਤੇ ਆ ਰਹੇ ਕਾਨੂੰਨ ਦਾ ਹਿੱਸਾ ਬਣਾਉਣ ਦੀ ਤਿਆਰੀ ਸੀ। ਇਸ ਫੈਸਲੇ ਨਾਲ ਉਨ੍ਹਾਂ ਸਥਾਨਕ ਛੋਟੇ ਤੇ ਖੇਤਰੀ ਖਬਰੀ ਅਦਾਰਿਆਂ ਨੇ ਸੁੱਖ ਦਾ ਸਾਹ ਲਿਆ ਹੈ, ਜੋ ਆਪਣੀਆਂ ਖਬਰਾਂ ਦੀ ਪਹੁੰਚ ਲਈ ਫੇਸਬੁੱਕ 'ਤੇ ਜ਼ਿਆਦਾ ਨਿਰਭਰ ਸਨ, ਪਰ ਹਾਲੇ ਵੀ ਕੰਪਨੀ ਨੇ ਖਬਰਾਂ ਦੀ ਅਦਾਇਗੀ ਸਬੰਧੀ ਖੁੱਲ੍ਹ ਕੇ ਆਪਣਾ ਪੱਖ ਨਹੀਂ ਰੱਖਿਆ, ਜਦ ਕਿ ਗੂਗਲ ਦਾ ਮੀਡੀਆ ਅਦਾਰਿਆਂ ਨਾਲ ਇਸ ਸਬੰਧੀ ਸਮਝੌਤਾ ਹੋ ਚੁੱਕਿਆ ਹੈ। ਫੇਸਬੁੱਕ ਆਪਣੇ ਇਸ ਰਵੱਈਏ ਨਾਲ ਭਾਵੇਂ ਸਰਕਾਰ ਨੂੰ ਆਪਣੇ ਪੱਖ ਵਿੱਚ ਕਰਨ ਵਿੱਚ ਸਫਲ ਹੋ ਗਈ ਹੈ, ਪਰ ਕੰਪਨੀ ਵੱਲੋਂ ਜ਼ਿੰਮੇਵਾਰੀ ਤੋਂ ਪਹਿਲਾਂ ਵਿੱਤੀ ਹਿੱਤ ਅੱਗੇ ਰੱਖਣ ਦੀ ਪਹੁੰਚ ਕਾਰਨ ਆਮ ਲੋਕਾਂ ਨੇ ਇਸ ਦੀ ਆਲੋਚਨਾ ਕੀਤੀ ਹੈ।

## ਇਮਰਾਨ ਖਾਨ ਭਾਰਤ ਦਾ ਏਅਰ ਸਪੇਸ ਵਰਤ ਕੇ ਸ਼੍ਰੀਲੰਕਾ ਪੁੱਜੇ



ਕੋਲੰਬੋ, 25 ਫਰਵਰੀ (ਪੋਸਟ ਬਿਊਰੋ)- ਭਾਰਤ ਵੱਲੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਜਹਾਜ਼ ਨੂੰ ਆਪਣੇ ਏਅਰਸਪੇਸ ਦੀ ਵਰਤੋਂ ਦੀ ਮਨਜ਼ੂਰੀ ਦੇਣ ਪਿੱਛੋਂ ਉਹ ਕੱਲ੍ਹ ਭਾਰਤੀ ਏਅਰਸਪੇਸ ਰਾਹੀਂ ਸ਼੍ਰੀਲੰਕਾ ਪੁੱਜੇ। ਜੇਕਰ ਭਾਰਤ ਇਜਾਜ਼ਤ ਨਾ ਦਿੰਦਾ ਤਾਂ ਇਮਰਾਨ ਖਾਨ ਦੇ ਜਹਾਜ਼ ਨੂੰ ਕਾਫੀ ਘੁੰਮ ਕੇ ਲੰਬੇ ਰਸਤੇ ਤੋਂ ਸ਼੍ਰੀਲੰਕਾ ਜਾਣਾ ਪੈਂਦਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਇਹ ਸ਼੍ਰੀਲੰਕਾ ਦੀ ਪਹਿਲੀ ਯਾਤਰਾ ਹੈ।ਉਹ ਵਪਾਰ, ਰੱਖਿਆ ਅਤੇ ਟੈਕਨਾਲੋਜੀ ਵਰਗੇ ਵੱਖ-ਵੱਖ ਮੁੱਦਿਆਂ ਉੱਤੇ ਸ਼੍ਰੀਲੰਕਾ ਦੀ ਚੋਟੀ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨਗੇ। 2019 ਵਿੱਚ ਪਾਕਿਸਤਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਉਡਾਣਾਂ ਲਈ ਆਪਣਾ ਏਅਰਸਪੇਸ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਓਦੋਂ ਨਰਿੰਦਰ ਮੋਦੀ ਨੇ ਅਮਰੀਕਾ ਅਤੇ ਸਾਊਦੀ ਅਰਬ ਜਾਣਾ ਸੀ ਤੇ ਪਾਕਿਸਤਾਨ ਨੇ ਕਸ਼ਮੀਰ ਵਿੱਚ ਮਨੁੱਖੀ ਅਧਿਕਾਰ ਉਲੰਘਣਾ ਦਾ ਕਾਰਨ ਦੱਸਿਆ ਸੀ। ਆਮ ਤੌਰ ਉੱਤੇ ਵੀ ਵੀ ਆਈ ਪੀ ਏਅਰਕ੍ਰਾਫਟਾਂ ਨੂੰ ਇਜਾਜ਼ਤ ਦੇ ਦਿੱਤੀ ਜਾਂਦੀ ਹੈ।ਭਾਰਤ ਨੇ ਇਸ ਦੀ ਸ਼ਿਕਾਇਤ ਇੰਟਰਨੈਸ਼ਨਲ ਸਿਵਲ ਏਵੀਏਸ਼ਨ ਆਰਗੇਨਾਈਜ਼ੇਸ਼ਨ ਵਿੱਚ ਕੀਤੀ ਸੀ।

## ਗਲਾਸਗੋ ਦੁਨੀਆ ਦਾ ਸਭ ਤੋਂ ਵੱਧ ਮਿੱਤਰਤਾ ਪੂਰਨ ਸ਼ਹਿਰ ਬਣਿਆ



ਗਲਾਸਗੋ, 25 ਫਰਵਰੀ (ਪੋਸਟ ਬਿਊਰੋ)- ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੂੰ ਜਨਤਕ ਵੋਟਾਂ ਨਾਲ ਦੁਨੀਆ ਦਾ ਸਭ ਤੋਂ ਵੱਧ ਮਿੱਤਰਤਾਪੂਰਨ ਸ਼ਹਿਰ ਮੰਨਿਆ ਗਿਆ ਹੈ। ਇਸ ਸ਼ਹਿਰ ਨੇ ਇਹ ਖਿਤਾਬ ਆਪਣੇ ਨਾਂ ਕਰਨ ਲਈ ਡਬਲਿਨ, ਬੁੱਡਾਪੇਸਟ, ਵੈਨਕੂਵਰ, ਟੋਕੀਓ, ਕੋਪੇਨਹੇਗਨ ਅਤੇ ਮੈਲਬੌਰਨ ਵਰਗੇ ਸ਼ਹਿਰਾਂ ਨਾਲ ਮੁਕਾਬਲਾ ਕੀਤਾ ਹੈ। ਦੁਨੀਆ ਭਰ ਦੇ ਸ਼ਹਿਰਾਂ ਦਾ ਇਹ ਸਰਵੇ ਇੱਕ ਟਰੈਵਲ ਫਰਮ 'ਰਫ ਗਾਈਡਜ਼' ਕਰਾਇਆ ਸੀ ਅਤੇ ਇਸ ਲਈ ਫੇਸਬੁੱਕ ਅਤੇ ਟਵਿੱਟਰ ਉੱਤੇ ਆਪਣੇ ਫਾਲੋਅਰਜ਼ ਨੂੰ ਵੋਟ ਦੇਣ ਨੂੰ ਕਿਹਾ ਸੀ। ਗਲਾਸਗੋ ਨੂੰ ਦੂਜੀ ਵਾਰ ਰਫ ਗਾਈਡਜ਼ ਦੇ ਪਾਠਕਾਂ ਨੇ ਦੁਨੀਆ ਦਾ ਸਭ ਤੋਂ ਪਿਆਰਾ ਸ਼ਹਿਰ ਚੁਣਿਆ ਹੈ। ਇਸ ਤੋਂ ਪਹਿਲਾਂ ਵੀ 2014 ਵਿੱਚ ਗਲਾਸਗੋ ਨੇ ਇਹ ਇਨਾਮ ਜਿੱਤਿਆ ਸੀ। ਸੋਸ਼ਲ ਮੀਡੀਆ ਯੂਜ਼ਰਜ਼ ਨੂੰ ਵੋਟਾਂ ਦੀ ਇਸ ਪ੍ਰਕਿਰਿਆ ਵਿੱਚ 15 ਦੇਸ਼ਾਂ ਦੀ ਸੂਚੀ ਵਿੱਚੋਂ ਪਸੰਦ ਦੇ ਸ਼ਹਿਰ ਲਈ ਵੋਟ ਪਾਉਣ ਨੂੰ ਕਿਹਾ ਗਿਆ ਸੀ।

# ਨੇਪਾਲੀ ਪਾਰਲੀਮੈਂਟ ਨੂੰ ਭੰਗ ਕਰਨ ਦਾ ਫ਼ੈਸਲਾ ਸੁਪਰੀਮ ਕੋਰਟ ਵੱਲੋਂ ਰੱਦ



ਕਾਠਮੰਡੂ, 25 ਫਰਵਰੀ (ਪੋਸਟ ਬਿਊਰੋ)- ਨੇਪਾਲ ਦੇ ਮੌਜੂਦਾ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੂੰ ਸੁਪਰੀਮ ਕੋਰਟ ਵੱਲੋਂ ਵੱਡਾ ਝਟਕਾ ਲਗਿਆ ਹੈ। ਸੁਪਰੀਮ ਕੋਰਟ ਨੇ 20 ਦਸੰਬਰ ਨੂੰ ਨੇਪਾਲੀ ਪਾਰਲੀਮੈਂਟ ਦੀ ਪ੍ਰਤੀਨਿਧੀ ਸਭਾ ਭੰਗ ਕਰ ਦੇਣ ਦੇ ਫ਼ੈਸਲੇ ਨੂੰ ਰੱਦ ਕਰ ਕੇ13 ਦਿਨਾਂ ਦੇ ਅੰਦਰ ਸਦਨ ਦੀ ਬੈਠਕ ਸੱਦਣ ਦਾ ਹੁਕਮ ਦਿੱਤਾ ਹੈ।
ਜਸਟਿਸ ਚੋਲੇਂਦਰ ਸ਼ਮਸ਼ੇਰ ਰਾਣਾ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਸਾਰੇ ਪੱਖਾਂ ਵੱਲੋਂ ਪੇਸ਼ ਕੀਤੇ ਤੱਥਾਂ ਦਾ ਅਧਿਐਨ ਕਰਨ ਦੇ ਬਾਅਦ ਫ਼ੈਸਲਾ ਦਿੱਤਾ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਵਿੱਚ ਬਹਿਸ ਦੌਰਾਨ ਨਿਆਂ ਮਿੱਤਰ ਵੱਜੋਂ ਪੇਸ਼ ਵਕੀਲਾਂ ਨੇ ਕਿਹਾ ਸੀ ਕਿ ਸਦਨ ਨੂੰ ਭੰਗ ਕਰਨ ਦਾ ਪ੍ਰਧਾਨ ਮੰਤਰੀ ਓਲਾ ਦਾ ਫ਼ੈਸਲਾ ਗੈਰ ਸੰਵਿਧਾਨਕ ਸੀ। ਨਿਆਂ ਮਿੱਤਰ ਵੱਲੋਂ ਪੰਜ ਸੀਨੀਅਰ ਵਕੀਲਾਂ ਨੇ ਅਦਾਲਤ ਵਿੱਚ ਪੱਖ ਰਖਿਆ ਸੀ। ਸੁਣਵਾਈ ਦੌਰਾਨ ਇੱਕ ਸੀਨੀਅਰ ਵਕੀਲ ਪੂਰਨਮਾਨ ਸ਼ਾਕਯ ਨੇ ਕਿਹਾ ਕਿ ਨੇਪਾਲ ਦੇ ਸੰਵਿਧਾਨ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪਾਰਲੀਮੈਂਟਨੂੰ ਭੰਗ ਕਰਨ ਦਾ ਅਧਿਕਾਰ ਨਹੀਂ ਹੈ, ਇਹ ਰਾਜਨੀਤੀ ਨਹੀਂ, ਸੰਵਿਧਾਨਕ ਮੁੱਦਾ ਹੈ, ਇਸ ਲਈ ਅਦਾਲਤ ਨੂੰ ਇਸ ਵਿੱਚ ਦਖ਼ਲ ਦੇਣਾ ਚਾਹੀਦਾ ਹੈ। ਇੱਕ ਜੱਜ ਨੇ ਪ੍ਰਧਾਨ ਮੰਤਰੀ ਦੇ ਫ਼ੈਸਲੇ ਨੂੰ ਸੰਵਿਧਾਨਕ ਦਸਿਆ ਤੇ ਇੱਕ ਨੇ ਕਿਹਾ ਕਿ ਸਦਨ ਨੂੰ ਗ਼ਲਤ ਨੀਤ ਨਾਲ ਭੰਗ ਕੀਤਾ ਗਿਆ। ਇੱਕ ਮੈਂਬਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪਾਰਲੀਮੈਂਟਭੰਗ ਕਰਨ ਦਾ ਅਧਿਕਾਰ ਹੈ।

# ਪਾਕਿਸਤਾਨ ’ਚ 62 ਸਾਲਾ ਪਾਰਲੀਮੈਂਟ ਮੈਂਬਰ ਵੱਲੋਂ 14 ਸਾਲਾ ਬੱਚੀ ਨਾਲ ਵਿਆਹ



ਇਸਲਾਮਾਬਾਦ, 25 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਜਮੀਅਤ ਉਲੇਮਾ-ਏ-ਇਸਲਾਮ ਦੇ ਪਾਰਲੀਮੈਂਟ ਮੈਂਬਰ ਸਲਾਹਉਦੀਨ ਅਯੂਬੀ (62) ਨੇ 14 ਸਾਲ ਦੀ ਬੱਚੀ ਨਾਲ ਵਿਆਹ ਕੀਤਾ ਹੈ।
ਮਾਮਲਾ ਕੁਝ ਸਾਲ ਪੁਰਾਣਾ ਹੈ, ਪਰ ਤਦ ਇਸ ਦੀ ਪੁਸ਼ਟੀ ਨਹੀਂ ਹੋਈ ਸੀ। ਇੱਕ ਸਵੈਸੇਵੀ ਸੰਗਠਨ ਦੀ ਅਪੀਲ 'ਤੇ ਪੁਲਸ ਇਸ ਦੀ ਜਾਂਚ ਕਰਨ ਜਾ ਰਹੀ ਹੈ। ਬੱਚੀ ਦੇ ਪਿਤਾ ਨੇ ਵੀ ਨਿਕਾਹ ਦੀ ਪੁਸ਼ਟੀ ਕੀਤੀ ਹੈ। ਪਾਕਿਸਤਾਨ ਵਿੱਚ ਨਿਕਾਹ ਕਾਨੂੰਨ ਦੇ ਤਹਿਤ ਲੜਕੀਆਂ ਦੇ ਵਿਆਹ ਦੀ ਉਮਰ 16 ਸਾਲ ਹੈ। ਜੇ ਇਸ ਤੋਂ ਘੱਟ ਉਮਰ ਵਿੱਚ ਵਿਆਹ ਕੀਤਾ ਜਾਂਦਾ ਹੈ ਤਾਂ ਇਹ ਗੈਰ-ਕਾਨੂੰਨੀ ਹੈ। ਮੌਲਾਨਾ ਅਯੂਬੀ ਬਲੋਚਿਸਤਾਨ ਦੇ ਚਿਤ੍ਰਾਲ ਤੋਂ ਪਾਰਲੀਮੈਂਟ ਮੈਂਬਰ ਹੈ। ਉਸ ਨੇ ਕਦੇ ਇਸ ਮਾਮਲੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਉਹ ਮੌਲਾਨਾ ਫਜਲੁਰ ਰਹਿਮਾਨ ਦੀ ਪਾਰਟੀ ਤੋਂ ਪਾਰਲੀਮੈਂਟ ਮੈਂਬਰ ਹਨ। ਰਹਿਮਾਨ ਇਸ ਸਮੇਂ ਪਾਕਿਸਤਾਨ ਡੈਮੋਕ੍ਰੇਟਿਕ ਫਰੰਟ (ਪੀ ਡੀ ਐਫ) ਦੇ ਵੀ ਨੇਤਾ ਹਨ ਅਤੇ ਇਹ ਮੋਰਚਾ ਇਮਰਾਨ ਸਰਕਾਰ ਦੇ ਖਿਲਾਫ ਦੇਸ਼ ਵਿੱਚ ਅੰਦੋਲਨ ਚਲਾ ਰਿਹਾ ਹੈ।
'ਦ ਡਾਨ' ਅਖਬਾਰ ਦੀ ਰਿਪੋਰਟ ਮੁਤਾਬਕ ਬੱਚੀ ਦੇ ਸਕੂਲ ਨੇ ਉਸ ਦਾ ਜਨਮ ਸਰਟੀਫਿਕੇਟ ਮੀਡੀਆ ਨੂੰ ਜਾਰੀ ਕੀਤਾ ਹੈ, ਜਿਸ ਵਿੱਚ ਉਸ ਦੀ ਜਨਮ ਤਰੀਕ 28 ਅਕਤੂਬਰ 2006 ਦੱਸੀ ਗਈ ਹੈ। ਇਸ ਪਿੱਛੋਂ ਸਥਾਨਕ ਸੰਗਠਨ ਨੇ ਪੁਲਸ ਵਿੱਚ ਸ਼ਿਕਾਇਤ ਦਰਜ ਕਰਵਾਈ। ਇਸ ਦੀ ਜਾਂਚ ਹੋਵੇਗੀ। ਚਿਤ੍ਰਾਲ ਥਾਣੇ ਦੇ ਇੰਸਪੈਕਟਰ ਸੱਜਾਦ ਅਹਿਮਦ ਨੇ ਸ਼ਿਕਾਇਤ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ।ਮਾਮਲੇ ਨੇ ਜ਼ੋਰ ਫੜਿਆ ਤਾਂ ਲੜਕੀ ਦੇ ਪਿਤਾ ਨੇ ਪੁਲਸ ਕੋਲ ਮੌਲਾਨਾ ਅਤੇ ਆਪਣੀ 14 ਸਾਲ ਦੀ ਬੇਟੀ ਦੇ ਵਿਆਹ ਤੋਂ ਇਨਕਾਰ ਕਰ ਦਿੱਤਾ ਸੀ। ਜਦ ਸਥਾਨਕ ਪ੍ਰਸ਼ਾਸਨ ਦੇ ਦੂਸਰੇ ਅਫਸਰ ਇਸ ਬਾਰੇ ਜਾਣਕਾਰੀ ਲੈਣ ਘਰ ਪਹੁੰਚੇ ਤਾਂ ਲੜਕੀ ਦੇ ਪਿਤਾ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਬੇਟੀ ਜਦ ਤੱਕ 16 ਸਾਲ ਦੀ ਨਹੀਂ ਹੁੰਦੀ, ਤਦ ਤੱਕ ਉਹ ਉਸ ਨੂੰ ਪਾਰਲੀਮੈਂਟਮੈਂਬਰ ਦੇ ਘਰ ਲਈ ਵਿਦਾ ਨਹੀਂ ਕਰਨਗੇ।

# ਮਨੁੱਖੀ ਸਮਗਲਿੰਗ ਖਿਲਾਫ ਲੜਨ ਲਈ ਓਨਟਾਰੀਓ ਵਿੱਚ ਬਣਾਇਆ ਗਿਆ ਨਵਾਂ ਕਾਨੂੰਨ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਓਨਟਾਰੀਓ ਸਰਕਾਰ ਵੱਲੋਂ ਨਵੇਂ ਕਾਨੂੰਨ ਦਾ ਐਲਾਨ ਕੀਤਾ ਗਿਆ ਹੈ। ਜਿਨ੍ਹਾਂ ਬੱਚਿਆਂ ਦਾ ਸ਼ੋਸ਼ਣ ਹੋਇਆ ਉਨ੍ਹਾਂ ਦੀ ਹਿਫਾਜ਼ਤ ਉੱਤੇ ਧਿਆਨ ਕੇਂਦਰਿਤ ਕਰਨ ਤੇ ਲਾਅ ਐਨਫੋਰਸਮੈਂਟ ਅਧਿਕਾਰੀਆਂ ਦੇ ਹੱਥ ਹੋਰ ਮਜ਼ਬੂਤ ਕਰਨ ਲਈ ਇਹ ਕਾਨੂੰਨ ਲਿਆਂਦਾ ਗਿਆ ਹੈ।

ਸੋਮਵਾਰ ਨੂੰ ਕੁਈਨਜ਼ ਪਾਰਕ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਕੈਨੇਡਾ ਵਿੱਚ ਇਹ ਆਪਣੀ ਕਿਸਮ ਦਾ ਕਾਨੂੰਨ ਹੋਵੇਗਾ ਜੋ ਕਿ ਪ੍ਰੋਵਿੰਸ ਦੀ ਮਨੁੱਖੀ ਸਮਗਲਿੰਗ ਵਿਰੋਧੀ ਰਣਨੀਤੀ ਉੱਤੇ 307 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਕਾਇਮ ਹੋਇਆ ਹੈ।

ਕੌਮੀ ਮਨੁੱਖੀ ਸਮਗਲਿੰਗ ਅਵੇਅਰਨੈੱਸ ਡੇਅ ਮੌਕੇ ਸੌਲੀਸਿਟਰ ਜਨਰਲ ਸਿਲਵੀਆ ਜੋਨਜ਼,



ਐਸੋਸਿਏਟ ਮਨਿਸਟਰ ਆਫ ਚਿਲਡਰਨ ਐਂਡ ਵੂਮਨਜ਼ ਇਸ਼ੂਜ਼ ਜਿੱਲ ਡਨਲਪ ਦੀ ਹਾਜ਼ਰੀ ਵਿੱਚ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਇਹ ਨਵਾਂ ਕਾਨੂੰਨ ਤੇ ਮੌਜੂਦਾ ਕਾਨੂੰਨ ਵਿੱਚ ਸੋਧ ਨਾਲ ਜਾਗਰੂਕਤਾ ਪੈਦਾ ਹੋਵੇਗੀ, ਇਸ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਦੀ ਹਿਫਾਜ਼ਤ ਹੋਵੇਗੀ, ਸਰਵਾਈਵਰਜ਼ ਦੀ ਮਦਦ ਕਰਾਂਗੇ ਤੇ ਮੁਜਰਮਾਂ ਨੂੰ ਜਵਾਬਦੇਹ ਠਹਿਰਾਵਾਂਗੇ।

ਫੋਰਡ ਨੇ ਅੱਗੇ ਆਖਿਆ ਕਿ ਮਨੁੱਖੀ ਸਮਗਲਿੰਗ ਦੇ ਪਿੱਛੇ ਕੰਮ ਕਰਨ ਵਾਲੇ ਲੋਕਾ ਦੁਨੀਆਂ ਵਿੱਚ ਸੱਭ ਤੋਂ ਗਏ ਗੁਜ਼ਰੇ ਹਨ। ਉਹ ਨੌਜਵਾਨ ਤੇ ਕਮਜ਼ੋਰ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ। ਫੋਰਡ ਨੇ ਆਖਿਆ ਕਿ ਓਨਟਾਰੀਓ ਮਨੁੱਖੀ ਸਮਗਲਿੰਗ ਦਾ ਗੜ੍ਹ ਬਣ ਚੁੱਕਿਆ ਹੈ। ਦੇਸ਼ ਵਿੱਚ 2019 ਵਿੱਚ ਜਿੰਨੀਆਂ ਵੀ ਮਨੁੱਖੀ ਸਮਗਲਿੰਗ ਦੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਵਿੱਚੋਂ ਸੱਭ ਤੋਂ ਵੱਧ ਇੱਥੇ ਹੀ ਪਾਈਆਂ ਗਈਆਂ।

## ਟੈਕਸਸ ਵਿੱਚ ਮਾਲਗੱਡੀ ਨਾਲ ਟਕਰਾਇਆ ਟਰੱਕ, ਧਮਾਕੇ ਮਗਰੋਂ ਲੱਗੀ ਅੱਗ

ਕੈਮਰੂਨ, ਟੈਕਸਸ, 25 ਫਰਵਰੀ (ਪੋਸਟ ਬਿਊਰੋ) : ਸੈਂਟਰਲ ਟੈਕਸਸ ਵਿੱਚ ਇੱਕ ਟਰੈਕਟਰ ਟਰੇਲਰ ਤੇ ਮਾਲ ਗੱਡੀ ਦੀ ਟੱਕਰ ਕਾਰਨ ਜ਼ਬਰਦਸਤ ਧਮਾਕਾ ਹੋਇਆ ਤੇ ਅੱਗ ਲੱਗ ਗਈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਡੱਲਾਸ ਤੋਂ 130 ਮੀਲ ਦੱਖਣ ਵੱਲ ਕੈਮਰੂਨ ਵਿੱਚ ਹੋਏ ਇਸ ਹਾਦਸੇ ਵਿੱਚ ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅਧਿਕਾਰੀਆਂ ਨੇ ਆਖਿਆ ਕਿ ਅੱਗ ਲੱਗਣ ਕਾਰਨ ਇਸ ਇਲਾਕੇ ਦੇ ਕਈ ਘਰਾਂ ਨੂੰ ਫੌਰੀ ਖਾਲੀ ਕਰਵਾ ਲਿਆ ਗਿਆ। ਮਿਲਮ ਕਾਊਂਟੀ ਜੱਜ ਸਟੀਵ ਯੰਗ ਨੇ ਦੱਸਿਆ ਕਿ ਟਰੱਕ ਜ਼ੋਰ ਨਾਲ ਗੱਡੀ ਨਾਲ ਜਾ ਟਕਰਾਇਆ, ਜਿਸ ਕਾਰਨ 14 ਬੋਗੀਆਂ ਲੀਹ ਤੋਂ ਲਹਿ ਗਈਆਂ।

ਮਿਲਮ ਕਾਊਂਟੀ ਸ਼ੈਰਿਫ ਕ੍ਰਿਸ ਵਾਈਟ ਨੇ ਆਖਿਆ ਕਿ ਗੱਡੀ ਵਿੱਚ ਕੋਇਲਾ ਤੇ ਗੈਸੋਲੀਨ ਲਿਜਾਈ ਜਾ ਰਹੀ ਸੀ, ਜਿਸ ਕਾਰਨ ਅੱਗ ਲੱਗ ਗਈ। ਉਨ੍ਹਾਂ ਆਖਿਆ ਕਿ ਗੱਡੀ ਦੇ ਪਿਛਲੇ ਹਿੱਸੇ ਵਿੱਚ ਹੋਰ ਬਲਨਸ਼ੀਲ ਸਮੱਗਰੀ ਸੀ ਪਰ ਉਹ ਨਹੀਂ ਡੁੱਲ੍ਹੀ। ਵਾਈਟ ਨੇ ਆਖਿਆ ਕਿ ਹਾਲ ਦੀ ਘੜੀ ਹੋਰ ਕੋਈ ਖਤਰਾ ਨਹੀਂ ਹੈ।

## ਮਾਰਖਮ ਦੇ ਸਟੋਰ ਉੱਤੇ ਵੇਚੇ ਜਾ ਰਹੇ ਹਨ ਭੰਗ ਵਾਲੇ ਉਤਪਾਦ

ਮਾਰਖਮ, 25 ਫਰਵਰੀ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਵੱਲੋਂ ਮਾਪਿਆਂ ਨੂੰ ਇਹ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਮਾਰਖਮ ਦੇ ਇੱਕ ਕਨਵੇਐਂਸ ਸਟੋਰ ਵਿੱਚ ਗੈਰਕਾਨੂੰਨੀ ਢੰਗ ਨਾਲ ਭੰਗ ਦੇ ਉਤਪਾਦ ਨਾਬਾਲਗ ਟੀਨੇਜਰਜ਼ ਨੂੰ ਵੇਚੇ ਜਾ ਰਹੇ ਹਨ। ਇਨ੍ਹਾਂ ਵਿੱਚ ਕੈਂਡੀ ਨਾਲ ਮੇਲ ਖਾਂਦੇ ਭੰਗ ਵਾਲੇ ਉਤਪਾਦ ਵੀ ਹਨ।



ਪੁਲਿਸ ਨੇ ਦੱਸਿਆ ਕਿ ਇੱਕ ਸਥਾਨਕ ਰੈਜ਼ੀਡੈਂਟ ਵੱਲੋਂ ਜਨਵਰੀ ਦੇ ਸ਼ੁਰੂ ਵਿੱਚ ਰਿਪੋਰਟ ਫਾਈਲ ਕੀਤੀ ਗਈ ਸੀ ਕਿ ਇਸ ਸਟੋਰ ਵਿੱਚ 19 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੇਪ ਉਤਪਾਦ ਵੇਚੇ ਜਾ ਰਹੇ ਹਨ। 18 ਫਰਵਰੀ ਨੂੰ ਅਧਿਕਾਰੀਆਂ ਨੇ ਮੇਜਰ ਮੈਕੈਂਜੀ ਡਰਾਈਵ ਈਸਟ ਦੇ ਦੱਖਣ ਵਿੱਚ ਕੈਨੇਡੀ ਰੋਡ ਉੱਤੇ ਸਥਿਤ ਐਂਗਸ ਗਲੈਨ ਕਨਵੇਐਂਸ ਸਟੋਰ ਉੱਤੇ ਸਰਚ ਵਾਰੰਟ ਰਾਹੀਂ ਤਲਾਸ਼ੀ ਲਈ ਗਈ। ਇਸ ਸਟੋਰ ਵਿੱਚੋਂ ਪੁਲਿਸ ਨੂੰ ਭੰਗ ਵਾਲੇ ਖਾਣ ਵਾਲੇ ਪਦਾਰਥ, ਡਿਸਪੋਜ਼ੇਬਲ ਕੈਨਾਬਿਸ ਵੇਪ ਪੈਨ ਤੇ ਕੈਨਾਬਿਸ ਦੇ ਬੀਜ ਵੀ ਮਿਲੇ।

ਇਸ ਸਟੋਰ ਵਿੱਚੋਂ ਬਰਾਮਦ ਕੀਤੀਆਂ ਗਈਆਂ ਆਈਟਮਾਂ ਦੀ ਕੀਮਤ 10,000 ਡਾਲਰ ਦੇ ਨੇੜੇ ਤੇੜੇ ਹੈ। ਇਸ ਦੌਰਾਨ ਏਅਰਹੈੱਡਜ਼, ਸਾਈਕੋ ਬੀਅਰਜ਼ ਤੇ ਸਟੋਨਰ ਪੈਚ ਵਰਗੇ ਉਤਪਾਦ ਮਿਲੇ ਹਨ। ਇਹ ਉਤਪਾਦ ਹੂ ਬ ਹੂ ਉਨ੍ਹਾਂ ਕੈਂਡੀ ਉਤਪਾਦਾਂ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਨੂੰ ਬੱਚਿਆਂ ਲਈ ਤਿਆਰ ਕੀਤਾ ਜਾਂਦਾ ਤੇ ਵੇਚਿਆ ਜਾਂਦਾ ਹੈ। ਸਟੋਰ ਦੇ ਮੈਨੇਜਰ ਤੇ ਹੋਰ ਕਰਮਚਾਰੀਆਂ ਨੂੰ ਵੇਚਣ ਦੇ ਇਰਾਦੇ ਨਾਲ ਭੰਗ ਕੋਲ ਰੱਖਣ ਲਈ ਚਾਰਜ ਕੀਤਾ ਗਿਆ ਹੈ।

## ਕੈਨੇਡਾ ਪੋਸਟ ਨੂੰ ਪ੍ਰੋਵਿੰਸ਼ੀਅਲ ਜਾਂਚ ਤੋਂ ਰੱਖਿਆ ਜਾਵੇਗਾ ਪਾਸੇ



ਮਿਸੀਸਾਗਾ, 25 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਲੇਬਰ ਇੰਸਪੈਕਟਰਜ਼ ਵੱਲੋਂ ਵੇਅਰਹਾਊਸਿਜ਼ ਤੇ ਡਿਸਟ੍ਰੀਬਿਊਸ਼ਨ ਸੈਂਟਰਜ਼ ਦੀ ਜਾਂਚ ਕੀਤੀ ਜਾਵੇਗੀ ਪਰ ਕੋਵਿਡ-19 ਦੀ ਆਊਟਬ੍ਰੇਕ ਵਾਲੀ ਸੱਭ ਤੋਂ ਵੱਡੇ ਵਰਕਪਲੇਸ ਕੈਨੇਡਾ ਪੋਸਟ ਦੀ ਜਾਂਚ ਨਹੀਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਮਿਸੀਸਾਗਾ ਵਿੱਚ ਕੈਨੇਡਾ ਪੋਸਟ ਦੇ ਮੁੱਖ ਆਫਿਸ ਦੇ 300 ਤੋਂ ਵੀ ਵੱਧ ਮੁਲਾਜ਼ਮ ਇਸ ਸਾਲ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਪਾਜ਼ੀਟਿਵ ਆ ਚੁੱਕੇ ਹਨ। ਇੱਥੋਂ ਤੱਕ ਕਿ ਇੱਕ ਮੁਲਾਜ਼ਮ ਦੀ ਮੌਤ ਵੀ ਹੋ ਚੁੱਕੀ ਹੈ। ਆਊਟਬ੍ਰੇਕ ਕਾਰਨ ਕੰਮਕਾਜ ਉੱਤੇ ਅਸਰ ਪੈਣ ਕਾਰਨ ਕੈਨੇਡਾ ਪੋਸਟ ਵੱਲੋਂ ਦੇਸ਼ ਭਰ ਦੇ ਆਪਣੇ ਗਾਹਕਾਂ ਨੂੰ ਡਲਿਵਰੀਜ਼ ਵਿੱਚ ਹੋਣ ਵਾਲੀ ਦੇਰ ਬਾਰੇ ਪਹਿਲਾਂ ਹੀ ਜਾਣਕਾਰੀ ਦੇ ਦਿੱਤੀ ਗਈ ਸੀ।

ਕੈਨੇਡਾ ਪੋਸਟ ਫੈਡਰਲ ਤੌਰ ਉੱਤੇ ਨਿਯੰਤਰਿਤ ਕੀਤੀ ਜਾਣ ਵਾਲੀ ਕ੍ਰਾਊਨ ਕਾਰਪੋਰੇਸ਼ਨ ਹੈ, ਇਸ ਲਈ ਇਸ ਦੀ ਜਾਂਚ ਪ੍ਰੋਵਿੰਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ। ਓਨਟਾਰੀਓ ਦੇ ਲੇਬਰ ਮੰਤਰੀ ਮੌਂਟੀ ਮੈਕਨਾਟਨ ਇਸ ਮਹੀਨੇ ਦੇ ਸ਼ੁਰੂ ਵਿੱਚ ਆਖ ਚੁੱਕੇ ਹਨ ਕਿ ਮੰਤਰਾਲੇ ਵੱਲੋਂ ਪੀਲ ਰੀਜਨ ਦੇ ਵੇਅਰਹਾਊਸਿਜ਼ ਤੇ ਡਿਸਟ੍ਰੀਬਿਊਸ਼ਨ ਸੈਂਟਰਜ਼ ਉੱਤੇ ਹੀ ਧਿਆਨ ਕੇਂਦਰਿਤ ਕੀਤਾ ਜਾਵੇਗਾ। ਮੈਕਨਾਟਨ ਇਹ ਵੀ ਆਖ ਚੁੱਕੇ ਹਨ ਕਿ ਕੈਨੇਡਾ ਪੋਸਟ ਦੀ ਕੰਮ ਵਾਲੀ ਥਾਂ ਦੀ ਜਾਂਚ ਦੀ ਜ਼ਿੰਮੇਵਾਰੀ ਫੈਡਰਲ ਸਰਕਾਰ ਦੀ ਹੈ।

## ਟੋਰਾਂਟੋ ਦੇ ਇੱਕੋ ਇਲਾਕੇ ਵਿੱਚ ਵਾਪਰੀਆਂ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ, ਦੋ ਜ਼ਖ਼ਮੀ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਇੱਕੋ ਇਲਾਕੇ ਵਿੱਚ ਵੱਖ ਵੱਖ ਸਮੇਂ ਵਾਪਰੀਆਂ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਹ ਘਟਨਾਵਾਂ ਚਾਰ ਘੰਟਿਆਂ ਦੇ ਵਕਫੇ ਨਾਲ ਵਾਪਰੀਆਂ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਐਤਵਾਰ ਨੂੰ ਰਾਤੀਂ 11:50 ਉੱਤੇ ਵੈਸਟਨ ਰੋਡ ਤੇ ਲਾਅਰੈਂਸ ਐਵਨਿਊ ਵੈਸਟ ਨੇੜੇ ਬੱਸ ਸਟੌਪ ਉੱਤੇ ਪਹਿਲੀ ਘਟਨਾ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਬੱਸ ਵਿੱਚ ਸਵਾਰ ਦੋ ਵਿਅਕਤੀਆਂ ਦਰਮਿਆਨ ਤੂੰ ਤੂੰ ਮੈਂ ਮੈਂ ਹੋ ਗਈ।ਇੱਕ 30 ਸਾਲਾ ਵਿਅਕਤੀ ਜਦੋਂ ਬੱਸ ਵਿੱਚੋਂ ਬਾਹਰ ਨਿਕਲਿਆ ਤਾਂ ਉਸ ਉੱਤੇ ਦੂਜੇ ਨੇ ਹਮਲਾ ਕਰ ਦਿੱਤਾ। ਉਹ ਦੱਖਣ ਵੱਲ 200 ਮੀਟਰ ਤੱਕ ਦੌੜਿਆ ਤੇ ਉੱਥੋਂ ਐਮਰਜੰਸੀ ਅਮਲੇ ਨੇ ਉਸ ਨੂੰ ਹਸਪਤਾਲ ਪਹੁੰਚਾਇਆ।



ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਪਰ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਘਟਨਾ ਤੋਂ ਚਾਰ ਘੰਟੇ ਬਾਅਦ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇੱਕ ਵਾਰੀ ਫਿਰ ਇਸ ਇਲਾਕੇ ਵਿੱਚ ਹੀ ਦੋ ਵਿਅਕਤੀਆਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਸੱਦਿਆ ਗਿਆ। ਇੱਕ 40 ਸਾਲਾ ਵਿਅਕਤੀ ਉੱਤੇ ਕਿਸੇ ਨੇ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤੇ ਸਨ ਤੇ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਐਮਰਜੰਸੀ ਅਮਲੇ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਮੌਕੇ ਤੋਂ ਫਰਾਰ ਹੋ ਗਿਆ।

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋਂ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਆਸਟਰੇਲੀਆ ਵਿੱਚ ਸਿਡਨੀ ਤੋਂ ਭਾਰਤੀ ਭਾਈਚਾਰੇ ਨੇ ਮਹਾਪੰਚਾਇਤ ਦੀ ਸ਼ੁਰੂਆਤ ਕੀਤੀ

ਸਿਡਨੀ, 25 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਵੱਖ-ਵੱਖ ਰਾਜਾਂ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਮਹਾਪੰਚਾਇਤਾਂ ਦਾ ਸਿਲਸਿਲਾ ਵਿਦੇਸ਼ਾਂ ਵਿੱਚ ਪਹੁੰਚ ਗਿਆ ਹੈ।

ਆਸਟਰੇਲੀਆ ਵਿੱਚ ਇਸਦੀ ਸ਼ੁਰੂਆਤ ਸਿਡਨੀ ਸ਼ਹਿਰ ਦੇ ਬਲੈਕਟਾਊਨ ਤੋਂ ਹੋ ਗਈ ਹੈ। ਓਥੇ ਕੱਲ੍ਹ ਹੋਏ ਇਸ ਪ੍ਰੋਗਰਾਮ ਵਿੱਚ ਭਾਰੀ ਗਿਣਤੀ 'ਚ ਇਕੱਠੇ ਹੋਏ ਲੋਕਾਂ ਨੇ ਭਾਰਤ ਸਰਕਾਰ ਪ੍ਰਤੀ ਆਪਣਾ ਰੋਹ ਪ੍ਰਗਟ ਕੀਤਾ। ਇਸ ਮੌਕੇ ਹੋਏ ਇਕੱਠ ਵਿੱਚ ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ ਯੂ ਪੀ ਰਾਜਸਥਾਨ ਅਤੇ ਆਸਟਰੇਲੀਆ ਦੇ ਗੋਰੇ ਨੇਤਾ ਵੀ ਸ਼ਾਮਲ ਹੋਏ ਅਤੇ ਆਪਣੇ ਵਿਚਾਰ ਸਟੇਜ ਤੋਂ ਸਾਂਝੇ ਕੀਤੇ। ਇਹ ਅੰਦੋਲਨ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ ਜਿਸਦਾ ਸਿਹਰਾ ਪ੍ਰਬੰਧਕਾਂ ਨੂੰ ਅਤੇ ਸ਼ਾਮਲ ਹੋਏ ਸਿਡਨੀ ਦੇ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਜਾਂਦਾ ਹੈ। ਇਸ ਮਹਾਪੰਚਾਇਤ ਦੇ ਪ੍ਰਬੰਧ ਕੋਵਿਡ ਦੀਆਂ ਹਦਾਇਤਾਂ ਦੀਆਂ ਪਾਲਣਾ ਕਰਦੇ ਹੋਏ ਕੀਤੇ ਗਏ ਸਨ। ਸਿਡਨੀ ਦੀ ਮਹਾਪੰਚਾਇਤ ਵਿੱਚ ਵੱਡੀ ਗਿਣਤੀ 'ਚ ਲੋਕ ਪਰਿਵਾਰਾਂ ਦੇ ਨਾਲ ਹਿੱਸਾ ਬਣੇ ਅਤੇ ਇੱਥੋਂ ਦੇ ਜੰਮੇ ਛੋਟੇ ਬੱਚਿਆਂ ਨੇ 'ਨੋ ਫਾਰਮਰ, ਨੋ ਫੂਡ' ਦੇ ਬੈਨਰਾਂ ਨਾਲ ਤਿੰਨਾਂ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕੀਤਾ। ਇਸ ਮਹਾਪੰਚਾਇਤ ਵਿੱਚ ਇਕੱਠ ਮੌਕੇ ਭਾਰਤੀ ਭਾਈਚਾਰੇ ਦਾ ਏਕਾ ਵੀ ਦੇਖਣ ਨੂੰ ਮਿਲਿਆ, ਜਿਸ ਵਿੱਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਦੇ ਪਿਛੋਕੜ ਨਾਲ ਸਬੰਧਤ ਲੋਕ ਵੀ ਸ਼ਾਮਲ ਹੋਏ, ਜਿਨ੍ਹਾਂ ਇਹ ਮਹਿਸੂਸ ਕਰਵਾਇਆ ਕਿ ਇਸ ਕਿਸਾਨੀ ਅੰਦੋਲਨ ਦੀ ਅੱਗ ਪੂਰੇ ਦੇਸ਼ ਵਿੱਚ ਸੁਲਗ ਰਹੀ ਹੈ।

## ਕੋਰੋਨਿਲ ਦਵਾਈ ਦੀ ਤਸਦੀਕ ਕਰਨ ਲਈ ਆਈ ਐਮ ਏ ਨੇ ਸਿਹਤ ਮੰਤਰੀ ਤੋਂ ਜਵਾਬ ਮੰਗਿਆ




ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਭਾਰਤੀ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਨੇ ਬਾਬਾ ਰਾਮਦੇਵ ਦੀ ਪਤੰਜਲੀ ਫੈਕਟਰੀ ਦੀ ਬਣੀ ਦਵਾਈ 'ਕੋਰੋਨਿਲ' ਦੀ ਤਸਦੀਕ ਕਰਨ ਲਈ ਕੇਂਦਰੀ ਸਿਹਤ ਮੰਤਰੀ ਡਾ: ਹਰਸ਼ ਵਰਧਨ ਤੋਂ ਉਸ ਉਤਪਾਦ ਦੀ ਤਸਦੀਕ ਕਰਨਦਾ ਸਪੱਸ਼ਟੀਕਰਨ ਮੰਗਿਆ ਹੈ।

ਵਰਨਣ ਯੋਗ ਹੈ ਕਿ ਪਤੰਜਲੀ ਨੇ ਕੋਰੋਨਿਲ ਲਾਂਚ ਕਰਨ ਮੌਕੇ ਇਹ ਦਾਅਵਾ ਕੀਤਾ ਸੀ ਕਿ ਇਹ ਕੋਵਿਡ-19 ਦੇ ਇਲਾਜ ਵਿੱਚ ਕਾਰਗਰ ਹੈ, ਜਦ ਕਿ ਸੰਸਾਰ ਸਿਹਤ ਸੰਗਠਨ (ਡਬਲਿਊ ਐਚ ਓ) ਨੇ ਪਤੰਜਲੀ ਦੇ ਇਸ ਦਾਅਵੇ ਉਤੇ ਇਤਰਾਜ਼ਕੀਤਾ ਸੀ। ਆਈ ਐਮ ਏ ਨੇ ਕਿਹਾ, ''ਭਾਰਤੀ ਮੈਡੀਕਲ ਕੌਂਸਲ ਵੱਲੋਂ ਜਾਰੀ ਕੋਡ (ਦਿਸ਼ਾ ਨਿਰਦੇਸ਼ਾਂ), ਜਿਸ ਨੂੰ ਮੰਨਣ ਲਈ ਹਰ ਆਧੁਨਿਕ ਮੈਡੀਕਲ ਡਾਕਟਰ ਪਾਬੰਦ ਹਨ, ਤਹਿਤ ਕੋਈ ਡਾਕਟਰ ਕਿਸੇ ਦਵਾਈ ਦਾ ਪ੍ਰਚਾਰ ਪਾਸਾਰ ਨਹੀਂ ਕਰ ਸਕਦਾ, ਪਰ ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਸਿਹਤ ਮੰਤਰੀ, ਜੋ ਖੁਦ ਆਧੁਨਿਕ ਮੈਡੀਸਨ ਡਾਕਟਰ ਹਨ, ਦਵਾਈ ਦਾ ਪ੍ਰਚਾਰ ਕਰ ਰਹੇ ਸਨ।' ਆਈ ਐਮ ਏ ਨੇ ਕਿਹਾ ਕਿ ਦੇਸ਼ ਦੇ ਸਿਹਤ ਮੰਤਰੀ ਦੀ ਹਾਜ਼ਰੀ ਵਿੱਚ ਇੱਕ ਗੈਰ ਵਿਗਿਆਨਕ ਦਵਾਈ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨਾ ਅਤੇ ਫਿਰ ਇਸ ਦਵਾਈ ਨੂੰ ਡਬਲਯੂ ਐਚ ਓ ਵੱਲੋਂ ਰੱਦ ਕੀਤੇ ਜਾਣਾ ਪੂਰੇ ਦੇਸ਼ ਦਾ ਅਪਮਾਨ ਤੇ ਮੂੰਹ ਉੱਤੇ ਚਪੇੜ ਹੈ। ਐਸੋਸੀਏਸ਼ਨ ਨੇ ਯੋਗੀ ਰਾਮਦੇਵ ਦੀ ਆਯੁਰਵੈਦਿਕ ਫਰਮ ਪਤੰਜਲੀ ਵੱਲੋਂ ਵਿਊਂਤੇ ਸਮਾਗਮ ਵਿੱਚ ਹਾਜ਼ਰੀ ਲਈ ਕੇਂਦਰੀ ਸਿਹਤ ਮੰਤਰੀ ਦੀ ਇੱਕ ਡਾਕਟਰ ਅਤੇ ਦੇਸ਼ ਦੇ ਸਿਹਤ ਮੰਤਰੀ ਵਜੋਂ ਨੈਤਿਕਤਾ 'ਤੇ ਵੀ ਸਵਾਲ ਉਠਾਇਆ ਹੈ। ਐਸੋਸੀਏਸ਼ਨ ਨੇ ਕੌਮੀ ਮੈਡੀਕਲ ਕਮਿਸ਼ਨ (ਜੋ ਪਹਿਲਾਂ ਭਾਰਤੀ ਮੈਡੀਕਲ ਕੌਂਸਲ ਸੀ) ਦੇ ਇੱਕ ਕਲਾਜ਼ ਦਾ ਵੀ ਜ਼ਿਕਰ ਕੀਤਾ ਹੈ, ਜੋ ਕਿਸੇ ਡਾਕਟਰ ਨੂੰ ਕਿਸੇ ਦਵਾਈ ਦਾ ਪ੍ਰਚਾਰ ਪਾਸਾਰ ਕਰਨ ਤੋਂ ਰੋਕਦੀ ਹੈ। 'ਕੋਰੋਨਿਲ' ਟੈਬਲੇਟ ਲਾਂਚ ਕਰਨ ਲਈ 19 ਫਰਵਰੀ ਨੂੰ ਰੱਖੇ ਇਸ ਸਮਾਗਮ ਵਿੱਚ ਹਰਸ਼ ਵਰਧਨ ਤੋਂ ਇਲਾਵਾ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਵੀ ਮੌਜੂਦ ਸਨ।

## ਨਾਜਾਇਜ਼ ਸਬੰਧਾਂ ਦੇ ਸ਼ੱਕ ਵਿੱਚ ਪ੍ਰਵਾਸੀ ਮਜ਼ਦੂਰ ਨੇ ਪਤਨੀ ਨੂੰ ਅੱਗ ਲਾ ਕੇ ਸਾੜ ਸੁੱਟਿਆ

ਬੰਗਾ, 25 ਫਰਵਰੀ (ਪੋਸਟ ਬਿਊਰੋ)- ਬੰਗਾ ਸ਼ਹਿਰ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਅਨਿਲ ਕੁਮਾਰ, ਜਿਹੜਾ ਗਿੱਲ ਰੋਡ ਕੰਸਟ੍ਰਕਸ਼ਨ ਕੰਪਨੀ ਦਾ ਮੈਨੇਜਰ ਹੈ, ਨੇ ਆਪਣੀ ਪਤਨੀ ਅਨੂਪਮਾ (30) ਦੇ ਕਿਸੇ ਨਾਲ ਨਾਜਾਇਜ਼ ਸਬੰਧਾਂ ਦੇ ਸ਼ੱਕ ਹੇਠ ਉਸ ਦੀ ਹੱਤਿਆ ਕਰ ਦਿੱਤੀ ਹੈ। ਉਸ ਨੇ ਆਪਣੀ ਪਤਨੀ ਦੇ ਗਲੇ ਨੂੰ ਚੁੰਨੀ ਨਾਲ ਘੁੱਟ ਕੇ ਪਹਿਲਾਂ ਉਸ ਨੂੰ ਮਾਰਿਆ ਅਤੇ ਫਿਰ ਘਰ ਦੇ ਇੱਕ ਕਮਰੇ ਵਿੱਚ ਹੀ ਅੱਗ ਲਾ ਕੇ ਸਾੜ ਦਿੱਤਾ। ਪੁਲਸ ਨੇ ਸੂਚਨਾ ਮਿਲਦੇਸਾਰ ਅੱਧ ਸੜੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਮ੍ਰਿਤਕ ਔਰਤ ਦੇ ਪਤੀ ਅਨਿਲ ਕੁਮਾਰ ਨੂੰ ਹਿਰਾਸਤ ਵਿੱਚ ਲੈ ਕੇ ਧਾਰਾ 302 ਦਾ ਕੇਸ ਦਰਜ ਕਰ ਲਿਆ ਹੈ। ਅਨਿਲ ਕੁਮਾਰ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਉਹ ਮੇਰਠ ਸਿਟੀ ਤੋਂ ਬਦਲੀ ਕਰਵਾ ਕੇ ਏਥੇ ਆਇਆ ਅਤੇ ਐਨ ਆਰ ਆਈ ਕਲੋਨੀ ਵਿੱਚ ਕਿਰਾਏ ਦੀ ਕੋਠੀ ਵਿੱਚ ਆਪਣੇ ਤਿੰਨ ਬੱਚਿਆਂ ਅਤੇ ਪਤਨੀ ਨਾਲ ਰਹਿੰਦਾ ਸੀ। ਉਸ ਨੂੰ ਪਤਾ ਸੀ ਕਿ ਪਿਛਲੇ ਕਾਫੀ ਸਮੇਂ ਤੋਂ ਅਨੂਪਮਾ ਦੇ ਸੰਬੰਧ ਉਸ ਦੇ ਦੋਸਤ ਨਿਤਿਸ਼ ਕੁਮਾਰ ਹਨ। ਇਸ ਲਈ ਸ਼ੱਕ ਦੇ ਆਧਾਰ ਅਤੇ ਪਤਨੀ ਦੀਆਂ ਫੋਨ ਕਾਲਾਂ ਤੋਂ ਗੁੱਸੇ ਵਿੱਚ ਆ ਕੇ ਦੇਰ ਰਾਤ ਅਨਿਲ ਨੇ ਅਨੂਪਮਾ ਦੀ ਹੱਤਿਆ ਕਰ ਦਿੱਤੀ।

### ਮੁਕੇਸ਼ ਅੰਬਾਨੀ ਨੂੰ ਝਟਕਾ:

## ਸੁਪਰੀਮ ਕੋਰਟ ਨੇ ਰਿਲਾਇੰਸ-ਫਿਊਚਰ ਸੌਦੇ ਉੱਤੇ ਰੋਕ ਲਾਈ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਫਿਊਚਰ ਗਰੁੱਪ ਅਤੇ ਭਾਰਤ ਦੇ ਸਭ ਤੋਂ ਵੱਡੇ ਅਮੀਰ ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ਼ ਦੇ ਸੌਦੇ ਬਾਰੇ ਰੈਗੂਲੇਟਰੀ ਮਨਜ਼ੂਰੀ ਉੱਤੇ ਰੋਕ ਲਾ ਦਿੱਤੀ ਹੈ। ਜੈਫ ਬੇਜੋਸ ਦੀ ਈ-ਕਾਮਰਸ ਕੰਪਨੀ ਐਮਾਜ਼ੋਨ ਨੇ ਇਸ ਸੌਦੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ।

ਬਲੂਮਬਰਗ ਦੇ ਮੁਤਾਬਿਕ ਸੁਪਰੀਮ ਕੋਰਟ ਨੇ ਐਮਾਜ਼ੋਨ ਦੀ ਅਰਜ਼ੀ ਉੱਤੇ ਸਹਿਮਤੀ ਪ੍ਰਗਟ ਕਰਦੇ ਹੋਏ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਪਲਟ ਦਿੱਤਾ ਅਤੇ ਕੰਪਨੀ ਟ੍ਰਿਬਿਊਨਲ ਨੂੰ ਅਗਲੇ ਨਿਰਦੇਸ਼ਾਂ ਤੱਕ ਸਮਝੌਤੇ ਨੂੰ ਮਨਜ਼ੂਰੀ ਦੇਣ ਤੋਂ ਰੋਕ ਦਿੱਤਾ ਹੈ। ਅਦਾਲਤ ਨੇ ਇਸ ਦੇ ਨਾਲ ਹੀ ਕਿਸ਼ੋਰ ਬਿਆਨੀ ਦੀ ਫਿਊਚਰ ਰਿਟੇਲ ਨੂੰ ਨੋਟਿਸ ਜਾਰੀ ਕਰ ਕੇ ਐਮਾਜ਼ੋਨ ਦੀ ਅਰਜ਼ੀ ਉੱਤੇ ਲਿਖਤੀ ਬਿਆਨ ਦੇਣ ਨੂੰ ਕਿਹਾ ਹੈ। ਇਸ ਕੇਸ ਦੀ ਅਗਲੀ ਸੁਣਵਾਈ ਪੰਜ ਹਫ਼ਤੇ ਬਾਅਦ ਹੋਵੇਗੀ।

ਵਰਨਣਯੋਗ ਹੈ ਕਿ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਕੁਝ ਸ਼ਰਤਾਂ ਨਾਲ ਇਸ ਸੌਦੇ ਨੂੰ ਮਨਜ਼ੂਰੀ ਦਿੱਤੀ ਸੀ। ਰਿਲਾਇੰਸ ਇੰਡਸਟਰੀਜ਼ ਦੀ ਸਹਿਯੋਗੀ ਕੰਪਨੀ ਰਿਲਾਇੰਸ ਰਿਟੇਲ ਵੈਂਚਰਸ ਲਿਮਟਿਡ ਨੇ ਫਿਊਚਰ ਗਰੁੱਪ ਦੇ ਰਿਟੇਲ ਐਂਡ ਹੋਲਸੇਲ ਬਿਜ਼ਨੈਸ ਅਤੇ ਲਾ-ਜਸਟਿਕਸ ਐਂਡ ਵੇਅਰਹਾਊਸਿੰਗ ਬਿਜ਼ਨੈਸ ਨੂੰ ਖ਼ਰੀਦਣ ਦਾ ਸੌਦਾ ਪਿਛਲੇ ਸਾਲ ਕੀਤਾ ਸੀ। ਇਹ ਸਮਝੌਤਾ 24713 ਕਰੋੜ 'ਚ ਹੋਇਆ ਸੀ, ਪਰ ਫਿਊਚਰ ਰਿਟੇਲ ਦੀ ਪਹਿਲਾਂ ਤੋਂ ਸਹਿਯੋਗੀ ਐਮਾਜ਼ੋਨ ਨੇ ਇਸ ਸਮਝੌਤੇ ਉੱਤੇ ਇਤਰਾਜ ਕੀਤਾ ਸੀ। ਐਮਾਜ਼ੋਨ ਨੇ ਸਿੰਗਾਪੁਰ 'ਚ ਵਿਚੋਲਗੀ ਅਦਾਲਤ ਤੋਂ ਲੈ ਕੇ ਸੇਬੀ ਅਤੇ ਅਦਾਲਤ ਤੱਕ ਦਾ ਦਰਵਾਜ਼ਾ ਖੜਕਾਇਆ। ਇਹ ਮਾਮਲਾ ਦਿੱਲੀ ਹਾਈਕੋਰਟ 'ਚ ਗਿਆ ਅਤੇ ਉਥੋਂ ਫਿਊਚਰ ਰਿਟੇਲ ਨੂੰ ਰਾਹਤ ਮਿਲ ਗਈ ਸੀ, ਪਰ ਦਿੱਲੀ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਹਾਈਕੋਰਟ ਦੇ ਹੀ ਸਿੰਗਲ ਜੱਜ ਦੇ ਉਸ ਆਦੇਸ਼ ਉੱਤੇ ਰੋਕ ਲਾ ਦਿੱਤੀ, ਜਿਸ 'ਚ ਫਿਊਚਰ ਰਿਟੇਲ ਲਿਮਟਿਡ (ਐਫ ਆਰ ਐਲ) ਅਤੇ ਰਿਲਾਇੰਸ ਰਿਟੇਲ ਵਿਚਾਲੇ ਹੋਏ ਸਮਝੌਤੇ ਨੂੰ ਪਹਿਲਾਂ ਵਾਂਗ ਬਣਾਈ ਰੱਖਣ ਦਾ ਆਦੇਸ਼ ਦਿੱਤਾ ਗਿਆ ਸੀ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA PIA American Airlines ETIHAD KLM Emirates SWISS BRITISH AIRWAYS JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
WESTJET vacations
tico.ca IATA
Call Us For Guaranteed Lowest Airfare
ANY Airline Time Destination Around the World
transat sunwing AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



# Showcase your made-in-Ontario products and services to the world.

Reaching new markets is an important way to grow your business. Successful exporting is about making the right connections. Whether it's online networking or virtual trade shows and meetings, knowing who to talk to is still key. Ontario's new digital tools and resources can help you get that crucial first introduction.

Visit **ontario.ca/exportON**

Paid for by the Government of Ontario

Ontario

# ਫੈਲਣ ਤੋਂ ਰੋਕੋ।
# ਕੋਵਿਡ-19
# ਜਾਨਲੇਵਾ ਹੋ ਸਕਦੀ ਹੈ।
# ਘਰ ਵਿੱਚ ਰਹੋ।
# ਜੀਵਨ ਬਚਾਓ।



ontario.ca/coronavirus'ਤੇ ਜਾਓ

ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario